SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 22* Issue 86 | Wednesday, May 03, 2023 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਹੁਣ ਗੋ ਟਰਾਂਜ਼ਿਟ ਯੂਜ਼ਰਜ਼ ਕਿਰਾਇਆ ਅਦਾ ਕਰਨ ਲਈ ਵਰਤ ਸਕਣਗੇ ਡੈਬਿਟ ਕਾਰਡਜ਼!

ਓਨਟਾਰੀਓ, 2 ਮਈ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਤੇ ਗੋ ਟਰਾਂਜ਼ਿਟ ਵੱਲੋਂ ਰਾਈਡਰਜ਼ ਨੂੰ ਆਪਣਾ ਕਿਰ-ਾਇਆ ਅਦਾ ਕਰਨ ਲਈ ਹੋਰ ਢੰਗ ਦੱਸਿਆ ਜਾ ਰਿਹਾ ਹੈ।



ਗੋ ਟਰਾਂਜ਼ਿਟ, ਯੂਪੀ ਐਕਸਪ੍ਰੈੱਸ, ਬਰੈਂਪਟਨ ਟਰਾਂਜ਼ਿਟ, ਬਰਲਿੰਗਟਨ ਟਰਾਂਜ਼ਿਟ, ਦਰਹਾਮ ਰੀਜਨ ਟਰਾਂਜ਼ਿਟ, ਹੈਮਿਲਟਨ ਸਟਰੀਟ ਰੇਲਵੇਅ, ਮਿਸੀਸਾਗਾ ਵਿੱਚ ਮਾਈਵੇਅ, ਓਕਵਿੱਲ ਟਰਾਂਜ਼ਿਟ ਤੇ ਯੌਰਕ ਰੀਜਨ ਟਰਾਂਜ਼ਿਟ ਦੀ ਵਰਤੋਂ ਕਰਨ ਵਾਲੇ ਹੁਣ ਪ੍ਰੈਸਟੋ ਡਿਵਾਈਸਿਜ਼ ਉੱਤੇ ਆਪਣੇ ਡੈਬਿਟ ਕਾਰਡ ਟੈਪ ਕਰਕੇ ਆਪਣਾ ਕਿਰਾਇਆ ਦੇ ਸਕਿਆ ਕਰਨਗੇ। ਇਨ੍ਹਾਂ ਵਿੱਚ ਸਮਾਰਟਫੋਨਜ਼ ਤੇ ਸਮਾਰਟਵਾਚਿਜ਼ ਉੱਤੇ ਡੈਬਿਟ ਕਾਰਡਜ਼ ਵੀ ਸ਼ਾਮਲ ਹਨ। ਇਸ ਦੇ ਨਾਲ ਹੀ ਰਾਈਡਰਜ਼ ਬਰਲਿੰਗਟਨ, ਦਰਹਾਮ ਰੀਜਨ, ਹੈਮਿਲਟਨ, ਯੌਰਕ ਰੀਜਨ, ਓਕਵਿੱਲ ਤੇ ਓਟਵਾ ਵਿੱਚ ਪੈਰਾਟਰਾਂਜ਼ਿਟ ਸੇਵਾਵਾਂ ਲਈ ਵੀ ਡੈਬਿਟ ਅਦਾਇਗੀਆਂ ਕਰ ਸਕਣਗੇ।

ਅਗਸਤ 2022 ਵਿੱਚ ਕ੍ਰੈਡਿਟ ਕਾਰਡ ਪੇਅਮੈਂਟਸ ਲਾਂਚ ਕਰਨ ਤੋਂ ਬਾਅਦ ਪ੍ਰੈਸਟੋ ਵੱਲੋਂ ਕਈ ਮਿਲੀਅਨ ਕਾਰਡ ਟੈਪ ਕਰਨ ਦੀ ਜਾਣਕਾਰੀ ਦਿੱਤੇ ਜਾਣ ਮਗਰੋਂ ਨਵੀਂ ਅਦਾਇਗੀ ਦੀ ਇਹ ਆਪਸ਼ਨ ਸਾਹਮਣੇ ਆਈ। ਟਰਾਂਸਪੋਰਟੇਸ਼ਨ ਮੰਤਰੀ ਕੈਰੋਲਿਨ ਮਲਰੋਨੀ ਨੇ ਆਖਿਆ ਕਿ ਜੀਟੀਐਚਏ ਵਿੱਚ ਕਈ ਮਿਲੀਅਨ ਸਰਗਰਮ ਯੂਜ਼ਰਜ਼ ਹੋਣ ਕਾਰਨ ਪ੍ਰੈਸਟੋ ਡਿਵਾਈਸਿਜ਼ ਉੱਤੇ ਡੈਬਿਟ ਪੇਅਮੈਂਟ ਲਾਂਚ ਕਰਕੇ ਸਾਡੀ ਸਰਕਾਰ ਓਨਟਾਰੀਓ ਵਾਸੀਆਂ ਲਈ ਟਰਾਂਜ਼ਿਟ ਸਹੂਲਤਾਂ ਹੋਰ ਸੁਖਾਲੀਆਂ ਬਣਾਉਣਾ ਚਾਹੁੰਦੀ ਹੈ।

ਓਨਟਾਰੀਓ ਸਰਕਾਰ ਇਨ੍ਹਾਂ ਗਰਮੀਆਂ ਵਿੱਚ ਟੋਰਾਂਟੋ ਟਰਾਂਜ਼ਿਟ ਦੇ ਯੂਜ਼ਰਜ਼ ਲਈ ਵੀ ਇਸੇ ਤਰ੍ਹਾਂ ਦੀ ਕ੍ਰੈਡਿਟ ਤੇ ਡੈਬਿਟ ਪੇਅਮੈਂਟ ਲਾਂਚ ਕਰਨ ਲਈ ਟੋਰਾਂਟੋ ਟਰਾਂਜ਼ਿਟ ਕਮਿਸ਼ਨ ਨਾਲ ਰਲ ਕੇ ਕੰਮ ਕਰ ਰਹੀ ਹੈ।

## ਅਸਾਲਟ ਸਟਾਈਲ ਹਥਿਆਰਾਂ ਉੱਤੇ ਪਾਬੰਦੀ ਲਈ ਲਿਬਰਲਾਂ ਨੇ ਫੈਡਰਲ ਗੰਨ ਕੰਟਰੋਲ ਬਿੱਲ ਵਿੱਚ ਕੀਤੀਆਂ ਸੋਧਾਂ

ਓਟਵਾ, 2 ਮਈ (ਪੋਸਟ ਬਿਊਰੋ) : ਫੈਡਰਲ ਗੰਨ ਕੰਟਰੋਲ ਬਿੱਲ ਵਿੱਚ ਸੋਧ ਕਰਨ ਦੇ ਆਪਣੇ ਫੈਸਲੇ ਦਾ ਮੰਗਲਵਾਰ ਨੂੰ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਖੂਬ ਪੱਖ ਪੂਰਿਆ। ਉਨ੍ਹਾਂ ਆਖਿਆ ਕਿ ਪ੍ਰਸਤਾਵਿਤ ਸੋਧ ਨਾਲ ਭਵਿੱਖ ਵਿੱਚ ਅਸਾਲਟ ਸਟਾਈਲ ਰਾਈਫਲਾਂ ਉੱਤੇ ਪਾਬੰਦੀ ਲਾਉਣ ਦੀ ਗੱਲ ਕੀਤੀ ਜਾ ਰਹੀ ਹੈ ਜਿਸ ਦਾ ਇਸ ਸਮੇਂ ਮਾਰਕਿਟ ਵਿੱਚ ਉਪਲਬਧ ਗੰਨਜ਼ ਉੱਤੇ ਕੋਈ ਅਸਰ ਨਹੀਂ ਪਵੇਗਾ।



ਮੈਂਡੀਸਿਨੋ ਨੇ ਆਖਿਆ ਕਿ ਸਾਡਾ ਟੀਚਾ ਮੁਜਰਮਾਂ ਦੀ ਨਕੇਲ ਖਿੱਚਣਾ ਹੈ ਤਾਂ ਕਿ ਉਹ ਮਾਸ ਸ਼ੂਟਿੰਗ ਵਰਗੀਆਂ ਘਟਨਾਵਾਂ ਨੂੰ ਅੰਜਾਮ ਨਾ ਦੇ ਸਕਣ ਤੇ ਏਆਰ 15 ਸਟਾਈਲ ਦੀਆਂ ਗੰਨਜ਼ ਦੀ ਵਰਤੋਂ ਨਾ ਕਰ ਸਕਣ। ਇਸ ਤੋਂ ਪਹਿਲਾਂ ਸੋਮਵਾਰ ਨੂੰ ਮੈਂਡੀਸਿਨੋ ਨੇ ਸਰਕਾਰ ਦੇ ਬਿੱਲ ਸੀ-21 ਵਿੱਚ ਸੋਧਾਂ ਦੇ ਇੱਕ ਰਿਵਾਈਜ਼ਡ ਪੈਕੇਜ ਦਾ ਐਲਾਨ ਕੀਤਾ ਸੀ। ਇਸ ਵਿੱਚ ਪਾਬੰਦੀਸ਼ੁਦਾ ਅਸਾਲਟ ਸਟਾਈਲ ਹਥਿਆਰਾਂ ਦੀ ਪਰੀਭਾਸ਼ਾ ਬਾਰੇ ਨਵੇਂ ਕ੍ਰਿਮੀਨਲ ਕੋਡ ਦਾ ਵੇਰਵਾ ਦਿੱਤਾ ਗਿਆ ਸੀ। ਇਸ ਤਹਿਤ ਨਵੇਂ ਅਸਾਲਟ ਸਟਾਈਲ ਹਥਿਆਰਾਂ ਉੱਤੇ ਸਥਾਈ ਪਾਬੰਦੀ ਦੀ ਪੈਰਵੀ ਕੀਤੀ ਗਈ ਹੈ।

ਫੈਡਰਲ ਸਰਕਾਰ ਵੱਲੋਂ ਪ੍ਰਸਤਾਵਿਤ ਸੋਧਾਂ ਵਿੱਚ ਉਨ੍ਹਾਂ ਹਥਿਆਰਾਂ ਦਾ ਜ਼ਿਕਰ ਹੈ ਜਿਹੜੇ ਹੈਂਡਗੰਨ ਨਹੀਂ ਹਨ, ਜਿਨ੍ਹਾਂ ਵਿੱਚੋਂ ਸੈਮੀ ਆਟੋਮੈਟਿਕ ਢੰਗ ਨਾਲ ਸੈਂਟਰ ਫਾਇਰ ਐਮਿਊਨਿਸ਼ਨ ਡਿਸਚਾਰਜ ਹੁੰਦਾ ਹੈ ਤੇ ਜਿਹੜੇ ਛੇ ਕਾਰਟਰਿੱਜ ਜਾਂ ਵੱਧ ਦੀ ਸਮਰੱਥਾ ਨਾਲ ਡਿਟੈਚੇਬਲ ਮੈਗਜ਼ੀਨ ਨਾਲ ਤਿਆਰ ਕੀਤੇ ਗਏ ਹਨ। ਮੰਗਲਵਾਰ ਨੂੰ ਪਾਰਲੀਆਮੈਂਟ ਹਿੱਲ ਉੱਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੈਂਡੀਸਿਨੋ ਨੇ ਆਖਿਆ ਕਿ ਸਰਕਾਰ ਨੇ ਇਹ ਪਰੀਭਾਸ਼ਾ ਆਪਣੇ ਆਪ ਮਨਘੜਤ ਤਰੀਕੇ ਨਾਲ ਤਿਆਰ ਨਹੀਂ ਕੀਤੀ ਸਗੋਂ ਲਾਅ ਐਨਫੋਰਸਮੈਂਟ ਏਜੰਸੀਆਂ, ਐਡਵੋਕੇਸੀ ਗਰੁੱਪਜ਼ ਤੇ ਮਾਹਿਰਾਂ ਨਾਲ ਗੱਲਬਾਤ ਕਰਕੇ ਇਸ ਨੂੰ ਤਿਆਰ ਕੀਤਾ ਗਿਆ ਹੈ।

## ਇੰਟਰਨੈਸ਼ਨਲ ਏਅਰ ਟਰੈਵਲਰਜ਼ ਤੇ ਕੈਨੇਡੀਅਨਜ਼ ਲਈ ਕੋਵਿਡ-19 ਵੈਕਸੀਨ ਦੀਆਂ ਸ਼ਰਤਾਂ ਖ਼ਤਮ ਕਰੇਗਾ ਅਮਰੀਕਾ

ਵਾਸ਼ਿੰਗਟਨ, 2 ਮਈ (ਪੋਸਟ ਬਿਊਰੋ) : ਅਗਲੇ ਹਫਤੇ ਤੋਂ ਅਮਰੀਕਾ ਇੰਟਰਨੈਸ਼ਨਲ ਏਅਰ ਟਰੈਵਲਰਜ਼ ਤੇ ਬਾਰਡਰਜ਼ ਉੱਤੇ ਕੈਨੇਡੀਅਨਜ਼ ਲਈ ਕੋਵਿਡ-19 ਸਬੰਧੀ ਵੈਕਸੀਨ ਦੀਆਂ ਸ਼ਰਤਾਂ ਨੂੰ ਖ਼ਤਮ ਕਰਨ ਜਾ ਰਿਹਾ ਹੈ। 11 ਮਈ ਨੂੰ ਇੰਟਰਨੈਸ਼ਨਲ ਏਅਰ ਟਰੈਵਲਰਜ਼, ਫੈਡਰਲ ਇੰਪਲੌਈਜ਼ ਤੇ ਫੈਡਰਲ ਕਾਂਟਰੈਕਟਰਜ਼ ਨੂੰ ਕੋਵਿਡ-19 ਵੈਕਸੀਨੇਸ਼ਨ ਦਾ ਸਬੂਤ ਨਹੀਂ ਵਿਖਾਉਣਾ ਹੋਵੇਗਾ। ਸੋਮਵਾਰ ਨੂੰ ਇਹ ਜਾਣਕਾਰੀ ਵ੍ਹਾਈਟ ਹਾਊਸ ਵੱਲੋਂ ਇੱਕ ਬਿਆਨ ਜਾਰੀ ਕਰਕੇ ਦਿੱਤੀ ਗਈ। ਇਸ ਬਿਆਨ ਵਿੱਚ ਆਖਿਆ ਗਿਆ ਕਿ ਸਾਡੀ ਕੋਵਿਡ-19 ਵੈਕਸੀਨ ਦੀਆਂ ਸ਼ਰਤਾਂ ਕਾਰਨ ਤੇ ਇਸ ਸਬੰਧੀ ਚਲਾਈ ਗਈ ਵਿਸ਼ੇਸ਼ ਕੈਂਪੇਨ ਸਦਕਾ ਦੇਸ਼ ਭਰ ਵਿੱਚ ਕਈ ਮਿਲੀਅਨ ਲੋਕਾਂ ਦੀਆਂ ਜਾਨਾਂ ਬਚ ਗਈਆਂ। ਇਹ ਵੀ ਆਖਿਆ ਗਿਆ ਕਿ ਹੁਣ ਵੈਕਸੀਨ ਸਬੰਧੀ ਇਨ੍ਹਾਂ ਸ਼ਰਤਾਂ ਦੀ ਲੋੜ ਨਹੀਂ ਰਹਿ ਗਈ ਹੈ ਕਿਉਂਕਿ ਅਸੀਂ ਵੱਖਰੇ ਪੜਾਅ ਵਿੱਚ ਪਹੁੰਚ ਚੁੱਕੇ ਹਾਂ।



ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਯੂਐਸ ਡਿਪਾਰਟਮੈਂਟ ਆਫ ਹੈਲਥ ਐਂਡ ਹਿਊਮਨ ਸਰਵਿਸਿਜ਼ ਅਤੇ ਯੂਐਸ ਡਿਪਾਰਟਮੈਂਟ ਆਫ ਹੋਮਲੈਂਡ ਸਕਿਊਰਿਟੀ ਵੀ ਵੈਕਸੀਨੇਸ਼ਨ ਦੀ ਲੋੜ ਸਬੰਧੀ ਪ੍ਰਕਿਰਿਆ ਨੂੰ ਖ਼ਤਮ ਕਰਨ ਜਾ ਰਹੇ ਹਨ। ਵ੍ਹਾਈਟ ਹਾਊਸ ਨੇ ਇਹ ਵੀ ਆਖਿਆ ਕਿ ਵੈਕਸੀਨੇਸ਼ਨ ਸਬੰਧੀ ਇਸ ਤਰ੍ਹਾਂ ਦੇ ਹੋਰ ਫੈਸਲਿਆਂ ਬਾਰੇ ਆਉਣ ਵਾਲੇ ਦਿਨਾਂ ਵਿੱਚ ਸਾਰਿਆਂ ਨੂੰ ਜਾਣੂ ਕਰਵਾਇਆ ਜਾਵੇਗਾ।

## ਸ਼ੂਟਿੰਗ ਵਿੱਚ ਇੱਕ ਜ਼ਖ਼ਮੀ, 2 ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ

ਟੋਰਾਂਟੋ, 2 ਮਈ (ਪੋਸਟ ਬਿਊਰੋ) : ਮਾਰਟਿਨ ਗਰੋਵ ਰੋਡ ਤੇ ਫਿੰਚ ਐਵਨਿਊ ਵੈਸਟ ਉੱਤੇ ਸੋਮਵਾਰ ਨੂੰ ਇੱਕ ਵਿਅਕਤੀ ਨੂੰ ਗੋਲੀ ਮਾਰਨ ਵਾਲੇ ਦੋ ਮਸ਼ਕੂਕਾਂ ਦੀ ਟੋਰਾਂਟੋ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ। ਇਲਾਕੇ ਵਿੱਚ ਲੜਾਈ ਤੋਂ ਬਾਅਦ ਗੋਲੀਆਂ ਚੱਲਣ ਦੀਆਂ ਰਿਪੋਰਟਾਂ ਮਿਲਣ ਮਗਰੋਂ ਦੁਪਹਿਰੇ 4:24 ਉੱਤੇ ਪੁਲਿਸ ਘਟਨਾ ਵਾਲੀ ਥਾਂ ਉੱਤੇ ਪਹੁੰਚੀ। ਮੌਕੇ ਤੋਂ ਕਈ ਲੋਕਾਂ ਨੂੰ ਭੱਜਦਿਆਂ ਵੇਖਿਆ ਗਿਆ। ਜਦੋਂ ਪੁਲਿਸ ਘਟਨਾ ਵਾਲੀ ਥਾਂ ਉੱਤੇ ਪਹੁੰਚੀ ਤਾਂ ਉਨ੍ਹਾਂ ਨੂੰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ। ਪਰ ਉਸ ਦੇ ਜ਼ਖ਼ਮ ਜਾਨਲੇਵਾ ਨਹੀਂ ਸਨ। ਪੁਲਿਸ ਇਸ ਸਮੇਂ ਦੋ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ। ਇਸ ਸਬੰਧ ਵਿੱਚ ਕੋਈ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500
ਬਲਵਿੰਦਰ

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off : 905.230.3100

$3199
BASEMENT DEAL
SPRING SALE
MEGA SAVING
DELIVERY INCLUDED WITHIN GTA
FREE DELIVERY
$1499
$4649
KitchenAid moffat MAYTAG LG SAMSUNG Electrolux JENNAIR BOSCH Whirlpool
416-551-5553
WWW.OURRHOMEAPPLIANCES.COM

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Brokerage Lic.12538
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਪਿੱਕਅੱਪ ਟਰੱਕ ਘਰ ਨਾਲ ਟਕਰਾਇਆ, ਬੱਚੀ ਜ਼ਖ਼ਮੀ



ਬਰੈਂਪਟਨ, 2 ਮਈ (ਪੋਸਟ ਬਿਊਰੋ) : ਬਰੈਂਪਟਨ ਦੇ ਇੱਕ ਘਰ ਨਾਲ ਪਿੱਕਅੱਪ ਟਰੱਕ ਟਕਰਾ ਜਾਣ ਕਾਰਨ ਇੱਕ ਨਿੱਕੀ ਬੱਚੀ ਜ਼ਖ਼ਮੀ ਹੋ ਗਈ। ਜਿਸ ਸਮੇਂ ਇਹ ਟਰੱਕ ਘਰ ਨਾਲ ਟਕਰਾਇਆ ਉਸ ਸਮੇਂ ਉਹ ਬੱਚੀ ਆਪਣੇ ਕਮਰੇ ਵਿੱਚ ਸੌਂ ਰਹੀ ਸੀ।

ਚਿੰਗੁਆਕਸੀ ਰੋਡ ਤੇ ਬੋਵੇਅਰਡ ਡਰਾਈਵ ਨੇੜੇ ਐਡਨਬਰੁੱਕ ਹਿੱਲ ਡਰਾਈਵ ਉੱਤੇ ਰਾਤੀਂ 11:45 ਉੱਤੇ ਵਾਪਰੀ ਇਸ ਘਟਨਾ ਤੋਂ ਬਾਅਦ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ।ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਖਬਰ ਮਿਲੀ ਕਿ ਇੱਕ ਪਿੱਕਅੱਪ ਟਰੱਕ ਪਹਿਲਾਂ ਪਾਰਕ ਕੀਤੀਆਂ ਦੋ ਗੱਡੀਆਂ ਨਾਲ ਟਕਰਾਇਆ ਤੇ ਫਿਰ ਇੱਕ ਘਰ ਦੀ ਕੰਧ ਨੂੰ ਤੋੜਦਾ ਹੋਇਆ ਕਾਫੀ ਅੰਦਰ ਤੱਕ ਚਲਾ ਗਿਆ। ਇਸ ਘਰ ਵਿੱਚ ਲੋਕ ਮੌਜੂਦ ਸਨ।ਜਿਸ ਕਮਰੇ ਨਾਲ ਇਹ ਟਰੱਕ ਟਕਰਾਇਆ, ਉਸ ਵਿੱਚ ਬੱਚੀ ਸੌਂ ਰਹੀ ਸੀ। ਉਸ ਨੂੰ ਮਾਮੂਲੀ ਸੱਟਾਂ ਲੱਗੀਆਂ ਤੇ ਇਲਾਜ ਲਈ ਉਸ ਨੂੰ ਹਸਪਤਾਲ ਲਿਜਾਇਆ ਗਿਆ।

ਪੁਲਿਸ ਨੇ ਆਖਿਆ ਕਿ ਬੱਚੀ ਨੂੰ ਗੰਭੀਰ ਸੱਟਾਂ ਨਹੀਂ ਲੱਗੀਆਂ ਇਸ ਦਾ ਬਚਾਅ ਹੋ ਗਿਆ। ਡਰਾਈਵਰ ਮੌਕੇ ਤੋਂ ਪੈਦਲ ਹੀ ਫਰਾਰ ਹੋ ਗਿਆ ਤੇ ਉਸ ਨੂੰ ਲੋਕਾਂ ਨੇ ਲੰਗੜਾਉਂਦਿਆਂ ਹੋਇਆਂ ਉੱਥੋਂ ਭੱਜਦਿਆਂ ਵੇਖਿਆ। ਬਾਅਦ ਵਿੱਚ ਪੁਲਿਸ ਅਧਿਕਾਰੀਆਂ ਨੇ ਉਸ ਦੀ ਪੈੜ ਨੱਪ ਕੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ।ਟਰੱਕ ਵਿੱਚ ਸਵਾਰ ਇੱਕ ਪੈਸੈਂਜਰ ਨੂੰ ਵੀ ਹਸਪਤਾਲ ਲਿਜਾਇਆ ਗਿਆ ਪਰ ਉਸ ਦੇ ਬਹੁਤੀਆਂ ਸੱਟਾਂ ਨਹੀਂ ਸਨ ਲੱਗੀਆਂ। ਹਾਦਸਾ ਕਿਉਂ ਵਾਪਰਿਆ ਇਸ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਮਿਲੀ ਹੈ।

# ਜੰਗਲ ਵਿੱਚ ਲਾਸ਼ ਮਿਲਣ ਮਗਰੋਂ ਵਿਦਿਆਰਥੀਆਂ ਨੂੰ ਸਕੂਲ ਟਰਿੱਪ ਵਿਚਾਲੇ ਛੱਡਣਾ ਪਿਆ



ਕਿਊਬਿਕ, 2 ਮਈ (ਪੋਸਟ ਬਿਊਰੋ) : ਮੰਗਲਵਾਰ ਨੂੰ ਫੀਲਡ ਟਰਿੱਪ ਉੱਤੇ ਗਏ ਸ਼ੇਰਬਰੁਕ, ਕਿਊਬਿਕ ਦੇ ਐਲੀਮੈਂਟਰੀ ਸਕੂਲ ਦੇ ਬੱਚਿਆਂ ਨੂੰ ਜੰਗਲੀ ਇਲਾਕੇ ਵਿੱਚ ਲਾਸ਼ ਮਿਲਣ ਮਗਰੋਂ ਟਰਿੱਪ ਵਿਚਾਲੇ ਛੱਡ ਕੇ ਮੁੜਨਾ ਪਿਆ।

ਸ਼ੇਰਬਰੁੱਕ ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਤੇ ਦੱਸਿਆ ਗਿਆ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ। ਪਰ ਉਨ੍ਹਾਂ ਇਸ ਸਬੰਧ ਵਿੱਚ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ।ਮੌਂਟ ਬੈਲੇਵਿਊ ਪਾਰਕ ਵਿੱਚ ਮਿਲੀ ਇਸ ਲਾਸ਼ ਬਾਰੇ ਨੌਤਰੇ ਡੇਮ ਡੂ ਰੋਜ਼ੇਅਰ ਸਕੂਲ ਨੇ ਈਮੇਲ ਭੇਜ ਕੇ ਬੱਚਿਆਂ ਦੇ ਮਾਪਿਆਂ ਨੂੰ ਜਾਣਕਾਰੀ ਦਿੱਤੀ।

ਅਗਲੇ ਕੁੱਝ ਦਿਨਾਂ ਤੱਕ ਮਾਪਿਆਂ ਨੂੰ ਵੀ ਆਪਣੇ ਬੱਚਿਆਂ ਉੱਤੇ ਨਜ਼ਰ ਰੱਖਣ ਦੀ ਸਲਾਹ ਦਿੱਤੀ ਗਈ ਹੈ।ਸਕੂਲ ਦੇ ਪ੍ਰਿੰਸੀਪਲ ਵੱਲੋਂ ਮਾਪਿਆਂ ਨੂੰ ਭਰੋਸਾ ਦਿਵਾਇਆ ਗਿਆ ਹੈ ਕਿ ਸਕੂਲ ਵਿੱਚ ਬੱਚਿਆਂ ਨੂੰ ਜਿਸ ਤਰ੍ਹਾਂ ਦੀ ਮਦਦ ਦੀ ਲੋੜ ਹੋਵੇਗੀ ਉਹ ਮੁਹੱਈਆ ਕਰਵਾਈ ਜਾਵੇਗੀ।

# 'ਨਵੇਂ ਯੁੱਗ ਦਾ ਆਗਾਜ਼', ਪੰਜਾਬ ਨੇ ਆਮ ਆਦਮੀ ਦੀ ਸਹੂਲਤ ਲਈ ਅੱਜ ਤੋਂ ਬਦਲਿਆ ਸਰਕਾਰੀ ਦਫ਼ਤਰਾਂ ਦਾ ਸਮਾਂ

-ਭਗਵੰਤ ਮਾਨ ਨੇ ਖੁਦ ਸਵੇਰੇ 7:28 ਵਜੇ ਆਪਣੇ ਦਫਤਰ ਪਹੁੰਚ ਕੇ ਸੂਬੇ ਦੀ ਅਗਵਾਈ ਕਰਨ ਦੀ ਮਿਸਾਲ ਕਾਇਮ ਕੀਤੀ



ਚੰਡੀਗੜ੍ਹ, 2 ਮਈ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਿਹਾ ਕਿ ਦਫ਼ਤਰੀ ਸਮਾਂ ਬਦਲਣ ਦੀ ਬੇਮਿਸਾਲ ਲੋਕ-ਪੱਖੀ ਪਹਿਲਕਦਮੀ ਨਾਲ ਸੂਬੇ ਵਿੱਚ 'ਨਵੇਂ ਯੁੱਗ ਦਾ ਆਗਾਜ਼' ਹੋਇਆ ਹੈ, ਜਿਸ ਨਾਲ ਰੋਜ਼ਾਨਾ 350 ਮੈਗਾਵਾਟ ਬਿਜਲੀ ਬਚਣ ਦੇ ਨਾਲ-ਨਾਲ 2 ਮਈ ਤੋਂ 15 ਜੁਲਾਈ ਤੱਕ ਲਗਭਗ 40-45 ਕਰੋੜ ਰੁਪਏ ਦੀ ਵੀ ਬੱਚਤ ਹੋਵੇਗੀ।

ਪੰਜਾਬ ਸਿਵਲ ਸਕੱਤਰੇਤ-1 ਦੇ ਕਮੇਟੀ ਰੂਮ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ, "ਇਸ ਮਹੱਤਵਪੂਰਨ ਕਦਮ ਨਾਲ ਜਿੱਥੇ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ, ਉਥੇ ਹੀ ਇਹ ਕਦਮ ਸਰਕਾਰੀ ਮੁਲਾਜ਼ਮਾਂ ਦੀ ਕਾਰਜਕੁਸ਼ਲਤਾ ਵਧਾਉਣ ਵਿੱਚ ਵੀ ਸਹਾਈ ਹੋਵੇਗਾ।" ਮੁੱਖ ਮੰਤਰੀ ਨੇ ਅੱਜ ਖੁਦ ਸਵੇਰੇ 7:28 'ਤੇ ਆਪਣੇ ਦਫ਼ਤਰ ਪਹੁੰਚ ਕੇ ਮਿਸਾਲ ਕਾਇਮ ਕੀਤੀ। ਉਨ੍ਹਾਂ ਕਿਹਾ ਕਿ ਇਹ ਫੈਸਲਾ ਲੰਮੇ ਵਿਚਾਰ-ਵਟਾਂਦਰੇ ਦੌਰਾਨ ਬਹੁਗਿਣਤੀ ਭਾਈਵਾਲਾਂ ਦੀ ਸਹਿਮਤੀ ਲੈਣ ਤੋਂ ਬਾਅਦ ਲਿਆ ਗਿਆ। ਉਨ੍ਹਾਂ ਕਿਹਾ ਕਿ ਇਹ ਫੈਸਲਾ ਆਉਣ ਵਾਲੇ ਮਹੀਨਿਆਂ ਵਿੱਚ ਲੋਕਾਂ ਨੂੰ ਭਿਆਨਕ ਗਰਮੀ ਤੋਂ ਬਚਾਉਣ ਵਿਚ ਬਹੁਤ ਸਹਾਈ ਹੋਵੇਗਾ। ਭਗਵੰਤ ਮਾਨ ਨੇ ਕਿਹਾ ਕਿ ਭਾਵੇਂ ਕਈ ਪੱਛਮੀ ਦੇਸ਼ਾਂ ਵਿੱਚ ਮੌਸਮ ਦੀ ਤਬਦੀਲੀ ਦੇ ਅਨੁਸਾਰ ਘੜੀਆਂ ਦਾ ਸਮਾਂ ਦੀ ਰਵਾਇਤੀ ਇਕ ਆਮ ਵਰਤਾਰਾ ਹੈ ਪਰ ਭਾਰਤ ਵਿੱਚ ਪਹਿਲੀ ਵਾਰ ਇਹ ਇਤਿਹਾਸਕ ਪਹਿਲਕਦਮੀ ਕੀਤੀ ਗਈ।

ਹੋਰ ਵੇਰਵਿਆਂ ਬਾਰੇ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਆਮ ਵਿਅਕਤੀ ਆਪਣੇ ਕੰਮ ਤੋਂ ਛੁੱਟੀ ਲਏ ਬਿਨਾਂ ਸਵੇਰੇ ਆਪਣਾ ਕੰਮਕਾਰ ਛੇਤੀ ਕਰ ਸਕੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਸਰਕਾਰੀ ਮੁਲਾਜ਼ਮਾਂ ਨੂੰ ਵੀ ਸਹੂਲਤ ਮਿਲੇਗੀ ਕਿਉਂਕਿ ਉਹ ਦਫ਼ਤਰੀ ਸਮੇਂ ਤੋਂ ਬਾਅਦ ਸਮਾਜਿਕ ਸਮਾਗਮਾਂ ਵਿੱਚ ਸ਼ਿਰਕਤ ਕਰ ਸਕਣਗੇ। ਇਸੇ ਤਰ੍ਹਾਂ ਭਗਵੰਤ ਮਾਨ ਨੇ ਕਿਹਾ ਕਿ ਕਰਮਚਾਰੀ ਆਪਣੇ ਬੱਚਿਆਂ ਨਾਲ ਵੱਧ ਤੋਂ ਵੱਧ ਸਮਾਂ ਬਿਤਾਉਣਗੇ ਕਿਉਂ ਜੋ ਉਹ ਵੀ ਬੱਚਿਆਂ ਦੀ ਛੁੱਟੀ ਨਾਲ ਹੀ ਘਰ ਪਹੁੰਚ ਜਾਇਆ ਕਰਨਗੇ।

## ਅੱਜ ਨਾਮਾ

ਅਮਰੀਕਨ ਬੈਂਕ ਇੱਕ ਸੁਣੀਂਦਾ ਹੋਰ ਡੁੱਬਾ,  
ਡੁੱਬ ਗਈ ਲੋਕਾਂ ਦੀ ਕ੍ਰਿਤ-ਕਮਾਈ ਮੀਆਂ।  
ਪਿਛਲੇ ਸਾਲ ਇੱਕ ਬੈਂਕ ਸੀ ਬੰਦ ਹੋਇਆ,  
ਪਿੱਛੋਂ ਵੀ ਗਈ ਬਰੇਕ ਨਹੀਂ ਲਾਈ ਮੀਆਂ।  
ਸਰਦਾਰੀ ਸਾਰੇ ਸੰਸਾਰ ਵਿੱਚ ਕਰੇ ਜਿਹੜਾ,  
ਅੰਦਰੋਂ ਹਾਲਤ ਨਹੀਂ ਗਈ ਛੁਪਾਈ ਮੀਆਂ।  
ਪਤਾ ਨਹੀਂ ਅਸਰ ਕੀ ਪਊ ਸੰਸਾਰ ਅੰਦਰ,  
ਕਈਆਂ ਮੁਲਕਾਂ ਦੀ ਨੀਂਦ ਉਡਾਈ ਮੀਆਂ।  
ਜਿਸ ਦੀ ਨੀਂਹ ਹੈ ਬਾਹਲੀ ਮਜ਼ਬੂਤ ਕਹਿੰਦੇ,  
ਉਹਦਾ ਮਿਲੇ ਨਹੀਂ ਸਾਹ ਨਾਲ ਸਾਹ ਮੀਆਂ।  
ਜਿੰਨੇ ਵੀ ਮੁਲਕ ਅਮਰੀਕਾ ਦੀ ਪੂਛ ਵਰਗੇ,  
ਸਾਰੇ ਨਿਕਲਣ ਲਈ ਲੱਭ ਰਹੇ ਰਾਹ ਮੀਆਂ।

**ਤੀਸ ਮਾਰ ਖਾਂ**

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9

NATURAL HEALTH SOLUTIONS
Over 20 years Homeopathic/Holistic ways case solving experience
HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ ।
ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ -
ਤੁਹਾਡੀ ਭਾਸ਼ਾ ਬੋਲਦੇ - Hindi, Punjabi & English
ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist
Phone: 647-779-5904
Address: 8 Camperdown Ave, Etobicoke.
Clinic hours: all appointment basis for client convenience

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

UKTTC UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

## 3 ਮਈ, ਪ੍ਰੈਸ ਅਜ਼ਾਦੀ ਦਿਵਸ ਵਿਸ਼ੇਸ

# ਪੱਤਰਕਾਰੀ ਸੁਤੰਤਰਤਾ ਗੁਆ ਰਹੀ ਹੈ

ਅੱਜ ਪੇਡ ਨਿਊਜ਼, ਮੀਡੀਆ ਟ੍ਰਾਇਲ, ਨਾਨ-ਮਸਲਿਆਂ ਨੂੰ ਅਸਲ ਖ਼ਬਰਾਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਜਦੋਂ ਕਿ ਅਸਲ ਮੁੱਦਿਆਂ ਨੂੰ ਦਰਕਿਨਾਰ ਕੀਤਾ ਜਾ ਰਿਹਾ ਹੈ, ਅਸਲ ਅਤੇ ਸਮਾਜਿਕ ਹਿੱਤਾਂ ਦੀਆਂ ਖ਼ਬਰਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ ਅਤੇ ਲਾਭ ਅਤੇ ਸਿਆਸੀ ਪੱਖ ਲਈ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ, ਜਾਅਲੀ ਖ਼ਬਰਾਂ, ਪੀਲੀ ਪੱਤਰਕਾਰੀ ਕੀਤੀ ਜਾ ਰਹੀ ਹੈ। ਪੇਡ ਨਿਊਜ਼ ਦੇ ਮਾਮਲਿਆਂ ਵਿੱਚ ਵਾਧੇ ਦੇ ਪਿੱਛੇ, ਭਾਰਤ ਵਿੱਚ ਜ਼ਿਆਦਾਤਰ ਮੀਡੀਆ ਸਮੂਹ ਵੱਡੇ ਕਾਰਪੋਰੇਟ ਘਰਾਣਿਆਂ ਦੇ ਹਨ ਜੋ ਇਸ ਖੇਤਰ ਵਿੱਚ ਕੁਆਂਟਮ ਲਾਭ ਲਈ ਹਨ ਅਤੇ ਸਿਰਫ ਮੁਨਾਫੇ ਲਈ ਕੰਮ ਕਰਦੇ ਹਨ। ਪੱਤਰਕਾਰਾਂ ਦੀ ਘੱਟ ਤਨਖਾਹ ਅਤੇ ਜਲਦੀ ਮਸ਼ਹੂਰ ਹੋਣ ਦੀ ਲਾਲਸਾ ਵੀ ਪੀਲੀ ਪੱਤਰਕਾਰੀ ਦਾ ਇੱਕ ਕਾਰਨ ਹੈ।

– ਡਾ: ਪ੍ਰਿਅੰਕਾ ਸੌਰਭ

ਮੀਡੀਆ ਲੋਕਤੰਤਰ ਵਿੱਚ ਜਨਤਕ ਹਿੱਤਾਂ ਦੇ ਰਾਖੇ ਵਜੋਂ ਕੰਮ ਕਰਦਾ ਹੈ। ਇਹ ਲੋਕਤੰਤਰ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਅਤੇ ਲੋਕਾਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਹੱਤਵ ਦੀਆਂ ਘਟਨਾਵਾਂ ਬਾਰੇ ਸੂਚਿਤ ਕਰਨ ਲਈ ਕੰਮ ਕਰਦਾ ਹੈ। ਲੋਕਤੰਤਰੀ ਦੇਸ਼ਾਂ ਵਿੱਚ ਮੀਡੀਆ ਨੂੰ ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਦੇ ਨਾਲ "ਚੌਥੀ ਜਾਇਦਾਦ" ਮੰਨਿਆ ਜਾਂਦਾ ਹੈ। ਪਾਠਕਾਂ ਨੂੰ ਪ੍ਰਭਾਵਿਤ ਕਰਨ ਵਿੱਚ ਇਸਦੀ ਮਹੱਤਤਾ ਦਾ ਅੰਦਾਜ਼ਾ ਉਸ ਭੂਮਿਕਾ ਤੋਂ ਲਗਾਇਆ ਜਾ ਸਕਦਾ ਹੈ ਜੋ ਇਸ ਨੇ ਸੁਤੰਤਰਤਾ ਸੰਗਰਾਮ ਦੌਰਾਨ ਨਿਭਾਈ, ਰਾਜਨੀਤਿਕ ਤੌਰ 'ਤੇ ਉਨ੍ਹਾਂ ਲੱਖਾਂ ਭਾਰਤੀਆਂ ਨੂੰ ਸਿੱਖਿਅਤ ਕੀਤਾ ਜੋ ਬ੍ਰਿਟਿਸ਼ ਸਾਮਰਾਜਵਾਦ ਦੇ ਵਿਰੁੱਧ ਉਨ੍ਹਾਂ ਦੀ ਲੜਾਈ ਵਿੱਚ ਸ਼ਾਮਲ ਹੋਏ ਸਨ।

ਪੱਤਰਕਾਰੀ ਇੱਕ ਪੇਸ਼ਾ ਹੈ ਜੋ ਸੇਵਾ ਕਰਦਾ ਹੈ। ਇਹ ਦੂਜਿਆਂ ਤੋਂ ਪੁੱਛ-ਗਿੱਛ ਕਰਨ ਦਾ ਸਨਮਾਨ ਵੀ ਖੋਹ ਲੈਂਦਾ ਹੈ। ਪੱਤਰਕਾਰੀ ਦਾ ਮੁਢਲਾ ਉਦੇਸ਼ ਲੋਕ ਹਿੱਤ ਦੇ ਮੁੱਦਿਆਂ 'ਤੇ ਨਿਰਪੱਖ, ਸਹੀ, ਨਿਰਪੱਖ ਅਤੇ ਸੱਭਿਅਕ ਢੰਗ ਨਾਲ ਅਤੇ ਭਾਸ਼ਾ ਵਿੱਚ ਖ਼ਬਰਾਂ, ਵਿਚਾਰਾਂ, ਟਿੱਪਣੀਆਂ ਅਤੇ ਜਾਣਕਾਰੀ ਨਾਲ ਲੋਕਾਂ ਦੀ ਸੇਵਾ ਕਰਨਾ ਹੈ। ਪ੍ਰੈਸ ਲੋਕਤੰਤਰ ਦਾ ਜ਼ਰੂਰੀ ਥੰਮ ਹੈ। ਇਹ ਜਨਤਕ ਰਾਏ ਨੂੰ ਸੁੱਧ ਅਤੇ ਆਕਾਰ ਦਿੰਦਾ ਹੈ। ਸੰਸਦੀ ਲੋਕਤੰਤਰ ਮੀਡੀਆ ਦੀਆਂ ਨਜ਼ਰਾਂ ਹੇਠ ਹੀ ਵਧ-ਫੁੱਲ ਸਕਦਾ ਹੈ। ਮੀਡੀਆ ਸਿਰਫ਼ ਰਿਪੋਰਟਾਂ ਹੀ ਨਹੀਂ ਦਿੰਦਾ ਸਗੋਂ ਰਾਜ ਅਤੇ ਜਨਤਾ ਵਿਚਕਾਰ ਪੁਲ ਦਾ ਕੰਮ ਵੀ ਕਰਦਾ ਹੈ।

ਨਿੱਜੀ ਟੀਵੀ ਚੈਨਲਾਂ ਦੇ ਆਉਣ ਨਾਲ ਮੀਡੀਆ ਨੇ ਮਨੁੱਖੀ ਜੀਵਨ ਅਤੇ ਸਮਾਜ ਦੇ ਹਰ ਖੇਤਰ ਵਿੱਚ ਆਪਣੀ ਵਾਗਡੋਰ ਸੰਭਾਲ ਲਈ ਹੈ। ਮੀਡੀਆ ਅੱਜ ਚੌਥੀ ਸੰਪੱਤੀ ਵਜੋਂ ਸੰਤੁਸ਼ਟ ਨਹੀਂ ਹੈ, ਇਸਨੇ ਸਮਾਜ ਅਤੇ ਸ਼ਾਸਨ ਵਿੱਚ ਬਹੁਤ ਮਹੱਤਵ ਗ੍ਰਹਿਣ ਕਰ ਲਿਆ ਹੈ। ਮੁਖਬਰ ਦੀ ਭੂਮਿਕਾ ਨਿਭਾਉਣ ਦੇ ਨਾਲ-ਨਾਲ ਮੀਡੀਆ ਵੀ ਪ੍ਰੇਰਕ ਅਤੇ ਆਗੂ ਦਾ ਰੂਪ ਧਾਰ ਲੈਂਦਾ ਹੈ। ਮੀਡੀਆ ਦਾ ਅਜਿਹਾ ਪ੍ਰਭਾਵ ਹੈ ਕਿ ਇਹ ਕਿਸੇ ਵਿਅਕਤੀ, ਸੰਸਥਾ ਜਾਂ ਵਿਚਾਰ ਨੂੰ ਬਣਾ ਜਾਂ ਤੋੜ ਸਕਦਾ ਹੈ। ਇਸ ਲਈ ਅੱਜ ਸਮਾਜ ਉੱਤੇ ਸਭ ਵਿਆਪਕ ਅਤੇ ਸਰਬ-ਸ਼ਕਤੀਮਾਨ ਇਸਦਾ ਪ੍ਰਭਾਵ ਹੈ। ਇੰਨੀ ਸ਼ਕਤੀ ਅਤੇ ਅਧਿਕਾਰ ਦੇ ਨਾਲ, ਮੀਡੀਆ ਆਪਣੇ ਵਿਸ਼ੇਸ਼ ਅਧਿਕਾਰਾਂ, ਕਰਤੱਵਾਂ ਅਤੇ ਜ਼ਿੰਮੇਵਾਰੀਆਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ।

ਅੱਜ ਪੇਡ ਨਿਊਜ਼, ਮੀਡੀਆ ਟ੍ਰਾਇਲ, ਨਾਨ-ਮਸਲਿਆਂ ਨੂੰ ਅਸਲ ਖ਼ਬਰਾਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਜਦੋਂ ਕਿ ਅਸਲ ਮੁੱਦਿਆਂ ਨੂੰ ਦਰਕਿਨਾਰ ਕੀਤਾ ਜਾ ਰਿਹਾ ਹੈ, ਅਸਲ ਅਤੇ ਸਮਾਜਿਕ ਹਿੱਤਾਂ ਦੀਆਂ ਖ਼ਬਰਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ ਅਤੇ ਲਾਭ ਅਤੇ ਸਿਆਸੀ ਪੱਖ ਲਈ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ, ਜਾਅਲੀ ਖ਼ਬਰਾਂ, ਪੀਲੀ ਪੱਤਰਕਾਰੀ ਕੀਤੀ ਜਾ ਰਹੀ ਹੈ। ਪੇਡ ਨਿਊਜ਼ ਦੇ ਮਾਮਲਿਆਂ ਵਿੱਚ ਵਾਧੇ ਦੇ ਪਿੱਛੇ, ਭਾਰਤ ਵਿੱਚ ਜ਼ਿਆਦਾਤਰ ਮੀਡੀਆ ਸਮੂਹ ਵੱਡੇ ਕਾਰਪੋਰੇਟ ਘਰਾਣਿਆਂ ਦੇ ਹਨ ਜੋ ਇਸ ਖੇਤਰ ਵਿੱਚ ਕੁਆਂਟਮ ਲਾਭ ਲਈ ਹਨ ਅਤੇ ਸਿਰਫ ਮੁਨਾਫੇ ਲਈ ਕੰਮ ਕਰਦੇ ਹਨ। ਪੱਤਰਕਾਰਾਂ ਦੀ ਘੱਟ ਤਨਖਾਹ ਅਤੇ ਜਲਦੀ ਮਸ਼ਹੂਰ ਹੋਣ ਦੀ ਲਾਲਸਾ ਵੀ ਪੀਲੀ ਪੱਤਰਕਾਰੀ ਦਾ ਇੱਕ ਕਾਰਨ ਹੈ।

ਅੰਕੜੇ ਇਹ ਭੇਤ ਵੀ ਉਜਾਗਰ ਕਰਦੇ ਹਨ ਕਿ ਜ਼ਿਆਦਾਤਰ ਸਿਆਸੀ ਪਾਰਟੀਆਂ ਦੇ ਕੁੱਲ ਬਜਟ ਦਾ 40 ਫੀਸਦੀ ਹਿੱਸਾ ਮੀਡੀਆ ਨਾਲ ਸਬੰਧਤ ਖਰਚਿਆਂ ਵੱਲ ਜਾਂਦਾ ਹੈ। ਚੋਣਾਂ ਵਿੱਚ ਪੈਸੇ ਦੀ ਤਾਕਤ, ਸ਼ਰਾਬ ਅਤੇ ਪੇਡ ਨਿਊਜ਼ ਦੀ ਵਰਤੋਂ ਅੱਜ ਗੰਭੀਰ ਚਿੰਤਾ ਦਾ ਵਿਸ਼ਾ ਹੈ। ਪ੍ਰੈੱਸ ਕੌਂਸਲ ਆਫ ਇੰਡੀਆ ਦੇ ਅਨੁਸਾਰ, ਨਕਦ ਜਾਂ ਹੋਰ ਲਾਭਾਂ ਲਈ ਪ੍ਰਿੰਟ ਜਾਂ ਇਲੈਕਟ੍ਰਾਨਿਕ ਮੀਡੀਆ ਵਿੱਚ ਪ੍ਰਸਾਰਿਤ ਹੋਣ ਵਾਲੀਆਂ ਖਬਰਾਂ ਨੂੰ ਪੇਡ ਨਿਊਜ਼ ਕਿਹਾ ਜਾਂਦਾ ਹੈ। ਪਰ ਇਹ ਸਾਬਤ ਕਰਨਾ ਬਹੁਤ ਔਖਾ ਕੰਮ ਹੈ ਕਿ ਕਿਸੇ ਵੀ ਚੈਨਲ 'ਤੇ ਦਿਖਾਈਆਂ ਜਾਣ ਵਾਲੀਆਂ ਖਾਸ ਖਬਰਾਂ ਜਾਂ ਅਖਬਾਰਾਂ ਵਿਚ ਛਪੀ ਖਬਰ ਪੇਡ ਨਿਊਜ਼ ਹੀ ਹੁੰਦੀ ਹੈ।

ਬਾਹਰਮੁਖੀ ਪੱਤਰਕਾਰੀ ਦੀ ਅਣਹੋਂਦ ਸਮਾਜ ਵਿੱਚ ਸੱਚ ਦੀ ਝੂਠੀ ਪੇਸ਼ਕਾਰੀ ਨੂੰ ਜਨਮ ਦਿੰਦੀ ਹੈ ਜੋ ਲੋਕਾਂ ਦੀ ਧਾਰਨਾ ਅਤੇ ਵਿਚਾਰਾਂ ਨੂੰ ਪ੍ਰਭਾਵਿਤ ਕਰਦੀ ਹੈ। ਜਿਵੇਂ ਕਿ ਕੈਮਬ੍ਰਿਜ ਐਨਾਲਿਟਿਕਾ ਕੇਸ ਵਿੱਚ ਦੇਖਿਆ ਗਿਆ ਹੈ, ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪੱਖਪਾਤੀ ਖ਼ਬਰਾਂ ਦੀ ਕਵਰੇਜ ਨੇ ਅਮਰੀਕੀ ਚੋਣਾਂ ਨੂੰ ਪ੍ਰਭਾਵਿਤ ਕੀਤਾ। ਭਾਰਤ ਵਿੱਚ 26/11 ਦੇ ਅੱਤਵਾਦੀ ਹਮਲਿਆਂ ਦੀ ਕਵਰੇਜ ਵਿੱਚ ਦੇਖੇ ਗਏ ਸਨਸਨੀਖੇਜ਼ਤਾ ਅਤੇ ਉੱਚ ਟੀਆਰਪੀ ਦਰਾਂ ਦਾ ਪਿੱਛਾ ਕਰਨ ਲਈ, ਦੇਸ਼ ਦੀ ਅੰਦਰੂਨੀ ਸੁਰੱਖਿਆ ਨੂੰ ਖਤਰੇ ਵਿੱਚ ਪਾ ਦਿੱਤਾ ਸੀ। ਅਦਾਲਤੀ ਦਿਸ਼ਾ-ਨਿਰਦੇਸ਼ਾਂ ਦੇ ਬਾਵਜੂਦ ਸਨਸਨੀਖੇਜ਼ ਰਿਪੋਰਟਿੰਗ ਨੇ ਬਲਾਤਕਾਰ ਪੀੜਤਾਂ ਅਤੇ ਬਚਣ ਵਾਲਿਆਂ ਦੀ ਪਛਾਣ ਨਾਲ ਸਮਝੌਤਾ ਕੀਤਾ।

ਅਦਾਇਗੀ ਖ਼ਬਰਾਂ ਅਤੇ ਜਾਅਲੀ ਖ਼ਬਰਾਂ ਜਨਤਕ ਧਾਰਨਾ ਨੂੰ ਵਿਗਾੜ ਸਕਦੀਆਂ ਹਨ ਅਤੇ ਸਮਾਜ ਦੇ ਅੰਦਰ ਵੱਖ-ਵੱਖ ਭਾਈਚਾਰਿਆਂ ਵਿਚਕਾਰ ਨਫ਼ਰਤ, ਹਿੰਸਾ ਅਤੇ ਅਸਹਿਮਤੀ ਪੈਦਾ ਕਰ ਸਕਦੀਆਂ ਹਨ। ਸੋਸ਼ਲ ਮੀਡੀਆ ਦੇ ਆਉਣ ਨਾਲ, ਤਕਨੀਕੀ ਤਬਦੀਲੀਆਂ, ਮੀਡੀਆ ਦੀ ਪਹੁੰਚ ਡੂੰਘਾਈ ਵਿੱਚ ਵਧੀ ਹੈ। ਜਨਤਕ ਰਾਏ ਨੂੰ ਪ੍ਰਭਾਵਤ ਕਰਨ ਵਿੱਚ ਇਸਦੀ ਪਹੁੰਚ ਅਤੇ ਭੂਮਿਕਾ ਪੱਤਰਕਾਰੀ ਨੈਤਿਕਤਾ ਨੂੰ ਲਾਗੂ ਕਰਨ ਲਈ ਇਸਦੀ ਨਿਰਪੱਖਤਾ, ਨਿਰਪੱਖਤਾ ਨੂੰ ਯਕੀਨੀ ਬਣਾਉਣ ਲਈ ਹੋਰ ਵੀ ਮਹੱਤਵਪੂਰਨ ਬਣਾਉਂਦੀ ਹੈ।

ਇਸ ਲਈ ਇਹ ਜ਼ਰੂਰੀ ਹੈ ਕਿ ਮੀਡੀਆ ਨੂੰ ਆਪਣੀ ਮਹੱਤਵਪੂਰਨ ਭੂਮਿਕਾ ਪ੍ਰਭਾਵਸ਼ਾਲੀ ਅਤੇ ਕੁਸ਼ਲਤਾ ਨਾਲ ਨਿਭਾਉਣ ਲਈ, ਮੀਡੀਆ ਨੂੰ ਆਪਣੀ ਸੁਤੰਤਰਤਾ ਅਤੇ ਸੰਪਾਦਕੀ ਸੁਤੰਤਰਤਾ ਨੂੰ ਕਾਇਮ ਰੱਖਦੇ ਹੋਏ ਇੱਕ ਚੰਗੀ ਤਰ੍ਹਾਂ ਪਰਿਭਾਸ਼ਤਿ ਆਚਾਰ ਸੰਹਿਤਾ ਦੇ ਅੰਦਰ ਕੰਮ ਕਰਨਾ ਚਾਹੀਦਾ ਹੈ। ਕਿਉਂਕਿ ਗੈਰ-ਜ਼ਿੰਮੇਵਾਰ ਪੱਤਰਕਾਰੀ ਪਾਬੰਦੀਆਂ ਨੂੰ ਸੱਦਾ ਦਿੰਦੀ ਹੈ, ਮੀਡੀਆ ਦੀ ਆਜ਼ਾਦੀ ਨੂੰ ਲੁੱਟਣਾ, ਪੇਸ਼ੇਵਰ ਆਚਰਣ ਅਤੇ ਨੈਤਿਕ ਅਭਿਆਸ ਮੀਡੀਆ ਦੀ ਆਜ਼ਾਦੀ ਦੀ ਰਾਖੀ ਕਰਨ ਅਤੇ ਮੀਡੀਆ ਵਿੱਚ ਜਨਤਾ ਦੇ ਨਿਵੇਸ਼ ਕੀਤੇ ਵਿਸ਼ਵਾਸ ਨੂੰ ਕਾਇਮ ਰੱਖਣ ਲਈ ਮਹੱਤਵਪੂਰਨ ਹਨ।


ਬਦਲਦੇ ਸਮੇਂ ਵਿੱਚ ਮੀਡੀਆ ਨਾਲ ਸਬੰਧਤ ਵਿਦਿਅਕ ਅਦਾਰਿਆਂ ਵਿੱਚ 'ਨੈਤਿਕਤਾ' ਦਾ ਪ੍ਰਚਾਰ ਹੋਣਾ ਚਾਹੀਦਾ ਹੈ। ਇੱਕ 'ਸੁਤੰਤਰ ਜਾਂਚ ਟੀਮ' ਬਣਾਈ ਜਾਵੇ ਜੋ ਪੱਤਰਕਾਰੀ ਦੇ ਨਿਰਪੱਖ ਪ੍ਰਸਾਰਣ ਅਤੇ ਸੰਵੇਦਨਸ਼ੀਲ ਜਾਣਕਾਰੀ ਦੇ ਪ੍ਰਸਾਰਣ ਨਾਲ ਸਬੰਧਤ ਕੰਮ ਦੀ ਨਿਗਰਾਨੀ ਕਰੇਗੀ। ਸਮਾਜ ਵਿਗਿਆਨੀਆਂ ਅਤੇ ਮੀਡੀਆ ਵਾਲਿਆਂ ਦੀਆਂ ਮੀਟਿੰਗਾਂ ਨਿਯਮਤ ਅੰਤਰਾਲਾਂ 'ਤੇ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਸਾਰੇ ਮਿਲ ਕੇ ਸਮਾਜਿਕ ਸਮੱਸਿਆਵਾਂ ਦੇ ਹੱਲ ਲੱਭ ਸਕਣ ਅਤੇ ਰਣਨੀਤੀ ਬਣਾ ਸਕਣ। ਮੀਡੀਆ ਨੂੰ ਸਿਆਸੀ ਦਬਾਅ ਤੋਂ ਮੁਕਤ ਕੀਤਾ ਜਾਣਾ ਚਾਹੀਦਾ ਹੈ, ਨਾਲ ਹੀ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ 'ਪੱਤਰਕਾਰੀ ਨਾਲ ਸਬੰਧਤ ਜ਼ਾਬਤੇ' ਦੀ ਪਾਲਣਾ ਕੀਤੀ ਜਾਵੇ।

ਅਜੋਕੇ ਦੌਰ ਵਿੱਚ ਡੇਰਿਆਂ ਵਿੱਚ ਵੰਡੀ ਪੱਤਰਕਾਰੀ ਸਮਾਜ ਨੂੰ ਗਲਤ ਦਿਸ਼ਾ ਵੱਲ ਲਿਜਾ ਰਹੀ ਹੈ, ਚੌਥਾ ਥੰਮ੍ਹ ਡਿੱਗ ਚੁੱਕਾ ਹੈ। ਕੁਝ ਲੋਕ ਪੱਤਰਕਾਰੀ/ਸਾਹਿਤ ਵਿੱਚ ਹਨ ਕਿਉਂਕਿ ਉਹਨਾਂ ਨੂੰ ਆਪਣੇ ਸੁਆਰਥ ਲਈ ਇਸਦੀ ਲੋੜ ਹੁੰਦੀ ਹੈ। ਜਦਕਿ ਕੁਝ ਲੋਕ ਇਸ ਲਈ ਹੁੰਦੇ ਹਨ ਕਿਉਂਕਿ ਪੱਤਰਕਾਰੀ ਅਤੇ ਸਾਹਿਤ ਨੂੰ ਉਨ੍ਹਾਂ ਦੀ ਲੋੜ ਹੁੰਦੀ ਹੈ ਤਾਂ ਹੀ ਸਮਾਜ ਬਚਿਆ ਹੈ। ਕਈ ਅਜਿਹੇ ਵੀ ਹਨ ਜੋ ਸੱਚ ਅਤੇ ਸੰਤੁਲਨ ਲਿਖਣ ਦੀ ਬਜਾਏ ਸਾਲਾਂ ਤੋਂ ਲਟਕਦੇ ਰਹੇ; ਉਨ੍ਹਾਂ ਨੂੰ ਆਪਣੀ ਮੁੱਢਲੀ ਇੱਛਾ ਨਾਲ ਇਨਸਾਫ ਕਰਨਾ ਚਾਹੀਦਾ ਹੈ। ਬਾਕੀ ਦੇਖਣਾ ਹੋਵੇਗਾ, ਪੱਤਰਕਾਰਾਂ ਦੀ ਆਉਣ ਵਾਲੀ ਪੀੜ੍ਹੀ ਨੂੰ ਸੰਤੁਲਿਤ ਫੈਸਲਾ ਲੈ ਕੇ ਅੱਗੇ ਵਧਣਾ ਪਵੇਗਾ, ਤਾਂ ਹੀ ਉਹ ਥੰਮ ਮਜ਼ਬੂਤੀ ਨਾਲ ਖੜ੍ਹਾ ਹੋ ਸਕਦਾ ਹੈ ਅਤੇ ਤਿੰਨਾਂ ਦੀ ਬਰਾਬਰੀ ਕਰ ਸਕਦਾ ਹੈ।

ਇੱਕ ਪਾਸੇ ਮੀਡੀਆ ਲੋਕਾਂ ਦੀ ਜਾਗਰੂਕਤਾ ਦਾ ਇੱਕ ਸ਼ਕਤੀਸ਼ਾਲੀ ਮਾਧਿਅਮ ਹੈ, ਦੂਜੇ ਪਾਸੇ ਇਹ ਸਰਕਾਰ ਨੂੰ ਦੇਸ਼ ਦੀਆਂ ਸਮੱਸਿਆਵਾਂ ਤੋਂ ਜਾਣੂ ਵੀ ਕਰਵਾਉਂਦਾ ਹੈ। ਮੀਡੀਆ ਨੂੰ ਲੋਕਤੰਤਰ ਦਾ ਚੌਥਾ ਥੰਮ ਮੰਨੇ ਜਾਣ ਕਾਰਨ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਦੇਸ਼ ਦੇ ਹਿੱਤ ਵਿੱਚ ਆਪਣਾ ਉਸਾਰੂ ਯੋਗਦਾਨ ਪਾਵੇ। ਅੱਜ ਦੇ ਬਦਲਦੇ ਸਮੇਂ ਵਿੱਚ ਮੀਡੀਆ ਦੀ ਭੂਮਿਕਾ ਦੇ ਨਾਲ-ਨਾਲ ਰਿਪੋਰਟਿੰਗ ਦਾ ਤਰੀਕਾ ਵੀ ਬਦਲ ਗਿਆ ਹੈ। ਸਮੇਂ ਨੂੰ ਦੇਖਦੇ ਹੋਏ ਮੀਡੀਆ ਨੂੰ ਆਪਣੇ ਸਵਾਰਥ ਲਈ ਗੀਤ ਗਾਉਣ ਦੀ ਬਜਾਏ ਨਿਰਪੱਖ ਰਾਖੇ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ।

# ਡਾ. ਸਤਿੰਦਰ ਪਾਲ ਸਿੰਘ ਦੀ 'ਜੀਵਨ ਸਫਲਤਾ ਲਈ ਗੁਰਮਤਿ' ਪੁਸਤਕ ਪ੍ਰੇਰਨਾ ਸਰੋਤ

–ਉਜਾਗਰ ਸਿੰਘ–




ਡਾ.ਸਤਿੰਦਰ ਪਾਲ ਸਿੰਘ ਸਿੱਖ ਧਰਮ ਦਾ ਪ੍ਰਬੁੱਧ ਤੇ ਪ੍ਰਤੀਬਧ ਵਿਦਵਾਨ ਹੈ। ਉਸ ਦੀਆਂ ਪੁਸਤਕਾਂ ਸਿੱਖ ਧਰਮ ਦੀ ਜੀਵਨ ਜਾਚ ਦੀ ਵਿਚਾਰਧਾਰਾ ਨਾਲ ਸੰਬੰਧਤ ਹੁੰਦੀਆਂ ਹਨ। ਚਰਚਾ ਅਧੀਨ ਉਸ ਦੀ ਪੁਸਤਕ 'ਜੀਵਨ ਸਫਲਤਾ ਲਈ ਗੁਰਮਤਿ' ਵੀ ਸਿੱਖ ਧਰਮ ਦੀ ਸਫਲ ਜੀਵਨ ਜਿਓਣ ਦੀ ਵਿਚਾਰਧਾਰਾ ਨੂੰ ਆਪਣੇ ਪੰਜ ਲੇਖਾਂ ਵਿੱਚ ਵਿਸਤਾਰ ਪੂਰਬਕ ਦਰਸਾਉਂਦੀ ਹੈ ਤਾਂ ਜੋ ਮਾਨਵਤਾ ਆਪਣੀ ਵਿਰਾਸਤ ਤੋਂ ਪ੍ਰੇਰਨਾ ਲੈ ਕੇ ਸਫ਼ਲ ਜੀਵਨ ਜਿਓ ਸਕੇ। ਲੇਖਕ ਨੇ ਹਰ ਨੁਕਤੇ ਨੂੰ ਸਮਝਾਉਣ ਲਈ ਪਹਿਲਾਂ ਸਮਾਜਿਕ ਜੀਵਨ ਵਿੱਚੋਂ ਉਦਾਰਨਾ ਦੇ ਕੇ ਗੁਰਬਾਣੀ ਦੇ ਸਿਧਾਂਤਾਂ ਨੂੰ ਅਪਣਾ ਕੇ ਹੀ ਜੀਵਨ ਸਫਲਤਾ ਹੋ ਸਕਦਾ ਹੈ। ਗੁਰਮਿਤ ਹੀ ਸਫਲਤਾ ਦਾ ਆਧਾਰ ਬਣਦੀ ਹੈ। ਇਸ ਪੁਸਤਕ ਦਾ ਪਹਿਲਾ ਲੇਖ ਪੁਸਤਕ ਦੇ ਸਿਰਲੇਖ ਵਾਲਾ ਹੀ 'ਜੀਵਨ ਸਫਲਤਾ ਲਈ ਗੁਰਮਤਿ' ਹੈ, ਜਿਸ ਵਿੱਚ ਦਰਸਾਇਆ ਗਿਆ ਹੈ ਕਿ ਇਨਸਾਨ ਆਪਣੀ ਬੁੱਧੀ ਤੋਂ ਕੰਮ ਨਹੀਂ ਲੈਂਦਾ। ਜ਼ਿੰਦਗੀ ਵਿੱਚ ਸੁਖ ਸਹੂਲਤਾਂ ਦਾ ਆਨੰਦ ਲੈਣ ਲਈ ਸਪਨੇ ਤਾਂ ਜ਼ਰੂਰ ਵੇਖਦਾ ਹੈ ਪ੍ਰੰਤੂ ਉਹ ਸਪਨੇ ਉਸ ਦੇ ਆਪਣੇ ਨਹੀਂ ਸਗੋਂ ਦੂਸਰੇ ਲੋਕਾਂ ਦੇ ਸਪਨਿਆਂ ਦੀ ਨਕਲ ਹੁੰਦੇ ਹਨ। ਸੁੱਖ ਸੁਵਿਧਾਵਾਂ ਦੀ ਬੇਸਬਰੀ ਨੁਕਸਾਨਦੇਹ ਹੁੰਦੀ ਹੈ। ਭਾਵ ਦੂਜਿਆਂ ਦੀ ਬਰਾਬਰੀ ਕਰਨ ਦੀ ਇੱਛਾ ਹੁੰਦੀ ਹੈ। ਜੇਕਰ ਇਨਸਾਨ ਆਪਣੇ ਸਪਨੇ ਲਵੇ ਤਾਂ ਉਹ ਸਫਲ ਹੋ ਸਕਦਾ ਹੈ।

ਉਨ੍ਹਾਂ ਅੱਗੋਂ ਕਿਹਾ ਕਿ ਸਪਨੇ ਪੂਰੇ ਕਰਨ ਲਈ ਗਿਆਨਵਾਨ ਹੋਣਾ ਜ਼ਰੂਰੀ ਹੈ। ਜੋ ਵਿਖਾਇਆ ਜਾ ਰਿਹਾ ਹੈ, ਜੋ ਦਿਸ ਰਿਹਾ ਹੈ, ਉਸ ਨੂੰ ਹੀ ਮਨੁੱਖ ਸੱਚ ਮੰਨ ਲੈਂਦਾ ਹੈ। ਲੋਕਾਂ ਅੰਦਰ ਤਰੱਕੀ ਦੀ ਤਾਂਘ ਵੱਧ ਜਾਂਦੀ ਹੈ। ਲੋੜਾਂ ਤੇ ਤਰੱਕੀ ਵਿੱਚ ਗਹਿਰਾ ਸੰਬੰਧ ਹੈ। ਬਨਾਵਟੀ ਲੋੜ ਨੂੰ ਆਪਣਾ ਬਣਾਉਣਾ, ਸੁਪਨਾ ਉਧਾਰ ਲੈਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਜੀਵਨ ਸਿਧਾਂਤ, ਵਿਵਹਾਰ ਤੇ ਪੂਰਨ ਖ਼ਰੇ ਉਤਰੇ ਤੇ ਅਮਲਯੋਗ ਹਨ। ਅੱਜ ਗੁਰੂ ਸਾਹਿਬ ਦੀ ਵਿਚਾਰਧਾਰਾ ਤੋਂ ਸ਼੍ਰੇਸ਼ਟ ਤੇ ਭਰੋਸੇਯੋਗ ਸਰੋਤ ਕੋਈ ਨਹੀਂ ਹੈ। ਗਿਆਨ, ਸੱਚ, ਗੁਣ ਤੇ ਸਮਰੱਥਾ ਤਾਂ ਮਨੁੱਖ ਦੇ ਅੰਦਰ ਹੀ ਹਨ। ਸੋਚ ਤੋਂ ਹੀ ਜੀਵਨ ਆਰੰਭ ਹੁੰਦਾ ਹੈ ਤੇ ਦੂਜੇ ਸਿਰੇ ਤੱਕ ਪਹੁੰਚਦਾ ਹੈ। ਬੱਚੇ ਦਾ ਜਨਮ ਸਾਰੇ ਪਰਿਵਾਰ ਲਈ ਖਾਸ ਤੌਰ ਤੇ ਮਾਤਾ ਪਿਤਾ ਲਈ ਅਤਿ ਆਨੰਦ ਦਾ ਵਿਸ਼ਾ ਹੁੰਦਾ। ਆਮ ਤੌਰ ਤੇ ਆਨੰਦ ਦਾ ਸਿਰਾ ਫੜਿਆ ਨਹੀਂ ਜਾਂਦਾ। ਮਨੁੱਖ ਸਾਰਾ ਜੀਵਨ ਯਤਨਾ 'ਚ ਲਾ ਦਿੰਦਾ ਹੈ ਪ੍ਰੰਤੂ ਸੁੱਖ ਤੋਂ ਦੂਰ ਰਹਿੰਦਾ ਹੈ। ਪਰਮਾਤਮਾ ਦੀ ਸੱਤਾ ਤੇ ਅਧੀਨਤਾ ਸਵੀਕਾਰ ਕਰਨ 'ਚ ਹੀ ਆਨੰਦ ਹੈ। ਗੁਰਬਾਣੀ ਵਿੱਚ ਮਨੁੱਖ ਹੋਣਾ ਆਪਣੇ ਆਪ ਵਿੱਚ ਭਗਵਾਨ ਹੋਣਾ ਹੈ। ਸ੍ਰਿਸ਼ਟੀ ਪਰਮਾਤਮਾ ਨੇ ਆਪ ਰਚੀ ਹੈ, ਉਹ ਸ੍ਰਿਸ਼ਟੀ ਰਚ ਕੇ ਉਸ ਵਿੱਚ ਆਪ ਵਿਦਮਾਨ ਸਜੀਵ ਹੋ ਰਿਹਾ ਹੈ। ਮਨ ਨੂੰ ਸਦਾ ਸੁਚੇਤ ਰਹਿਣਾ ਚਾਹੀਦਾ ਹੈ। ਪਰਮਾਤਮਾ ਦੀ ਖੋਜ ਲਈ ਬਾਹਰ ਜਾਣ ਦੀ ਲੋੜ ਨਹੀਂ। ਸਾਰਾ ਸੰਸਾਰ ਦੁੱਖਾਂ ਅੰਦਰ ਹੈ, ਚਿੰਤਾਵਾਂ ਹਨ। ਇਹ ਚਿੰਤਾਵਾਂ ਆਪ ਸਹੇੜੀਆਂ ਹਨ। ਸੁੰਦਰ ਜੀਵਨ ਲਈ ਵਿਕਾਰਾਂ ਤੋਂ ਬਚਣਾ ਹੈ। ਪਰਮਾਤਮਾ ਦੁੱਖ, ਵਿਘਨ ਦੂਰ ਕਰਨ ਵਾਲਾ ਹੈ। ਪਰਮਾਤਮਾ ਤੋਂ ਬਿਨਾਂ ਮਨੁਖ ਦੀ ਹੋਂਦ ਸੰਭਵ ਹੀ ਨਹੀਂ। ਉਹ ਸਰਬ ਵਿਆਪਕ ਤੇ ਸਮਰੱਥ ਹੈ। ਦੁਬਿਧਾ ਤਨ ਤੇ ਮਨ ਤੇ ਵਿਪਰੀਤ ਅਸਰ ਪਾਉਂਦੇ ਹਨ। ਡਰ ਮਨ ਵਿੱਚ ਨਹੀਂ ਰੱਖਣਾ ਚਾਹੀਦਾ। ਆਤਮ ਵਿਸ਼ਵਾਸ਼ ਸਫਲਤਾ ਦੀ ਕੁੰਜੀ ਹੈ। ਮਨੁਖ ਅਸ਼ਾਵਾਦੀ ਹੋਣਾ ਚਾਹੀਦਾ ਹੈ। ਦੂਜਾ ਲੇਖ 'ਜੀਵਨ ਤਰੱਕੀ ਦੀ ਪਰਿਭਾਸ਼ਾ' ਹੈ। ਇਸ ਲੇਖ ਵਿੱਚ ਦੱਸਿਆ ਗਿਆ ਹੈ ਕਿ ਬੱਚਿਆਂ ਨੂੰ ਯੋਗ ਅਗਵਾਈ ਦਿਓ, ਧੰਨ ਦੌਲਤ ਵੀ ਜ਼ਰੂਰੀ ਹੈ, ਅੰਮ੍ਰਿਤ ਵੇਲਾ ਨਾਮ ਜਪਣ ਲਈ ਸ਼ਾਂਤਮਈ ਹੁੰਦਾ ਹੈ। ਸੱਚ ਦੀ ਪਛਾਣ ਪਰਮਾਤਮਾ ਸੱਚਾ ਹੈ, ਸੱਚ 'ਤੇ ਭਰੋਸਾ ਰੱਖੋ। ਚੰਗੇ ਕੰਮ ਕਰੋ ਤੇ ਚੰਗਾ ਸੋਚੋ। ਇੰਦਰੀਆਂ ਨੂੰ ਕੰਟਰੋਲ ਵਿੱਚ ਰਖਦੇ ਹੋਏ ਉਨ੍ਹਾਂ ਦੀ ਸਹੀ ਵਰਤੋਂ ਕਰੋ। ਸਹਿਜ ਤੋਂ ਮੋਖ ਪ੍ਰਾਪਤ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜੀਵਨ ਦੀ ਮੁਕਤੀ ਦਾ ਸਾਧਨ ਦੱਸਿਆ ਹੈ। ਗੁਰਬਾਣੀ ਅਨੰਦਿਤ ਕਰਦੀ ਤੇ ਸ਼ਕਤੀ ਦਿੰਦੀ ਹੈ। ਗਿਆਨ ਉਹ ਹੈ ਜੋ ਸਮਾਜ ਤੇ ਸ੍ਰਿਸ਼ਟੀ ਦੇ ਸਰੋਕਾਰਾਂ ਨਾਲ ਜੋੜੇ। ਗਿਆਨ ਤੇ ਗੁਣ ਜਦੋਂ ਵਿਉਹਾਰ ਦਾ ਰੂਪ ਧਾਰ ਲੈਂਦੇ ਹਨ ਤਾਂ ਅੰਤਰ ਮੰਨ ਪ੍ਰਕਾਸ਼ਤ ਹੋ ਉਠਦਾ ਹੈ। ਗੁਣ ਦਾ ਲਾਭ ਸਮਾਜ ਨੂੰ ਮਿਲਦਾ ਹੈ। ਇਹ ਗੁਣ ਪਰਮਾਤਮਾ ਦੀ ਕ੍ਰਿਪਾ ਨਾਲ ਮਿਲਦੇ ਹਨ। ਕਰਮ ਪ੍ਰਧਾਨ ਹਨ। ਪਰਮਾਤਮਾ ਦੀ ਮਰਿਆਦਾ ਅੰਦਰ ਰਹਿਕੇ ਸਭ ਕੁਝ ਪਾਇਆ ਜਾ ਸਕਦਾ ਹੈ। ਮਨੁਖ ਨੂੰ ਜਵਾਨੀ ਦੇ ਜੋਸ਼ ਦੀ ਸੁਚੱਜੀ ਵਰਤੋਂ ਕਰਨੀ ਚਾਹੀਦੀ ਹੈ। ਜੀਵਨ ਦੀ ਸਭ ਤੋਂ ਮੁੱਢਲੀ ਸਫਲਤਾ ਮਨ ਨੂੰ ਵਸ ਵਿੱਚ ਕਰ ਲੈਣਾ ਹੈ। ਪਰਮਾਤਮਾ ਦਾ ਨਾਮ ਸਿਮਰਨ, ਸੰਤੋਖ, ਸਹਿਜ, ਇਮਾਨਦਾਰ ਕਿਰਤ, ਨਿਮਰਤਾ, ਸੇਵਾ ਹੈ। ਪਰਮ ਭਾਵਨਾ ਨਾਲ ਜੀਵਨ ਭਾਗਾਂ ਵਾਲਾ ਬਣ ਜਾਂਦਾ ਹੈ। ਮਨੁੱਖ ਨੂੰ ਚੰਗਿਆਈਆਂ ਇਕੱਤਰ ਕਰਨ ਦੀ ਲੋੜ ਹੈ, ਜਿਹੜੀਆਂ ਉਸ ਦੀ ਸਫਲਤਾ ਦਾ ਰਾਹ ਪੱਧਰ ਕਰਦੀਆਂ ਹਨ। ਤੀਜਾ ਲੇਖ 'ਗੁਰਬਾਣੀ ਦਾ ਚਿੰਤਨ ਜੀਵਨ ਦੀ ਸੰਭਾਲ' ਹੈ, ਜਿਸ ਵਿੱਚ ਲੇਖਕ ਨੇ ਦੱਸਿਆ ਹੈ ਕਿ ਗੁਰਬਾਣੀ ਦਾ ਚਿੰਤਨ ਕਰਨ ਨਾਲ ਜੀਵਨ ਦੀ ਸੰਭਾਲ ਹੁੰਦੀ ਹੈ।

ਇਹ ਚਿੰਤਨ ਨਿਯਮ ਵਿੱਚ ਰਹਿ ਕੇ ਕਰਨਾ ਚਾਹੀਦਾ ਹੈ। ਜੀਵਨ ਦੀ ਕਦਰ ਕਰਨੀ ਬਣਦੀ ਹੈ। ਅਕਾਰਥ ਨਹੀਂ ਜਾਣ ਦੇਣਾ ਚਾਹੀਦਾ। ਹਰ ਕੰਮ ਲਈ ਯੋਜਨਾ ਬਣਾਉਣੀ ਚਾਹੀਦੀ ਹੈ। ਸਫਲਤਾ ਦਾ ਮਾਰਗ ਔਖਾ ਹੈ, ਪ੍ਰੰਤੂ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਦੀ ਪ੍ਰਾਪਤੀ ਲਈ ਇਨਸਾਨ ਸ਼ੁਭ ਅਸ਼ੁਭ ਸਮੇਂ ਦੇ ਚਕਰ ਵਿੱਚ ਨਾ ਪਵੇ। ਅਵੇਸਲੇ ਵੀ ਨਹੀਂ ਹੋਣਾ ਚਾਹੀਦਾ। ਯੁਗ ਬਦਲਣ ਦੀ ਥਾਂ ਜੀਵਨ ਦੀਆਂ ਸਥਿਤੀਆਂ ਬਦਲਣੀਆਂ ਜ਼ਰੂਰੀ ਹਨ। ਨਾਮ ਜਪੋ, ਚੰਗੇ ਕੰਮ ਕਰੋ, ਕਲਿਜੁਗਿ ਆਪੇ ਖ਼ਤਮ ਹੋ ਜਾਵੇਗਾ। ਚੰਗੇ ਕੰਮ ਕਰਨ ਨਾਲ ਦਵਾਪਰ ਯੁਗ ਆ ਜਾਵੇਗਾ। ਚਿੰਤਾਵਾਂ ਦੂਰ ਹੋ ਜਾਣਗੀਆਂ। ਤ੍ਰੇਤਾ ਯੁਗ ਪੂਰਨਤਾ ਦੇ ਕੋਲ ਪੁਜਣ ਦਾ ਸਮਾਂ ਹੈ। ਮਾੜੇ ਕੰਮ ਕਰਨ ਵਾਲਿਆਂ ਨੂੰ ਨਾਮ ਦੀ ਮਹਿਮਾ, ਸਾਰੇ ਵਿਕਾਰਾਂ ਨੂੰ ਦੂਰ ਕਰਦਾ ਹੈ। ਸਤਿਯੁਗ ਸੰਪੂਰਨਤਾ ਦਾ ਯੁਗ ਹੈ। ਕੋਈ ਦੁਬਿਧਾ, ਭਟਕਣ ਨਹੀਂ ਰਹਿੰਦੀ। ਮਨ ਇਕਾਗਰ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਯੁਗਾਂ, ਮਹੀਨਿਆਂ, ਦਿਨਾ ਅਤੇ ਰੁਤਾਂ ਦੇ ਭੁਲੇਖੇ ਦੂਰ ਕਰ ਦਿੱਤੇ ਹਨ। ਚੌਥਾ 'ਜੀਵਨ ਸਫਲਤਾ ਦੀ ਸਮਰਥਾ'ਲੇਖ ਹੈ, ਇਸ ਵਿੱਚ ਲੇਖਕ ਅਨੁਸਾਰ ਸਫ਼ਲਤਾ ਦੀ ਪ੍ਰਾਪਤੀ ਲਈ ਸਫ਼ਲਤਾ ਬਾਹਰੋਂ ਨਹੀਂ ਅੰਦਰੋਂ ਹੀ ਪ੍ਰਗਟ ਹੁੰਦੀ ਹੈ। ਪਰਮਾਤਮਾ ਦੇ ਹੁਕਮ ਅੰਦਰ ਰਹਿਣਾਂ ਪਵੇਗਾ। ਜੋ ਪਰਮਾਤਮਾ ਤੇ ਭਰੋਸਾ ਕਰਦਾ ਹੈ, ਉਸ ਨੂੰ ਹੋਰ ਕਿਸੇ ਦੀ ਲੋੜ ਨਹੀਂ ਰਹਿੰਦੀ। ਪਰਮਾਤਮਾ ਦੇ ਆਸਰੇ ਲਈ ਪੂਰਨ ਸਮਰਪਨ ਚਾਹੀਦਾ ਹੈ। ਕੋਈ ਵੀ ਕਾਰਜ ਕਰਦਿਆਂ ਮਨ ਅੰਦਰ ਨਾਮ ਜਪਿਆ ਜਾਵੇ। ਆਸ ਰੱਖੋ ਪ੍ਰੰਤੂ ਆਸ ਉਹ ਹੈ, ਜੋ ਬਣੀ ਵੀ ਰਹੇ ਫਲ ਵੀ ਦੇਵੇ, ਗੁਰਬਾਣੀ ਉਸ ਆਸ ਨਾਲ ਜੋੜਦੀ ਹੈ, ਜੋ ਪੂਰਨ ਹੁੰਦੀ ਹੈ। ਪਰਮਾਤਮਾ ਤੋਂ ਬਿਨਾਂ ਹੋਰ ਕਿਸੇ 'ਤੇ ਆਸ ਨਹੀਂ ਰੱਖਣੀ ਚਾਹੀਦੀ। ਆਸ ਦਾ ਬਣਿਆਂ ਰਹਿਣਾ ਜੀਵਨ ਦਾ ਨਿਰੰਤਰ ਆਪਣੇ ਮਨੋਰਥ ਵੱਲ ਵੱਧਦਾ ਜਾਣਾ ਹੈ।

ਮੂਧੇ ਭਾਂਡੇ ਵਿੱਚ ਕੁਝ ਨਹੀਂ ਪੈਂਦਾ, ਭਾਵ ਪਰਮਾਤਮਾ ਤੋਂ ਬੇਮੁੱਖ ਮਨ ਤੇ ਪਰਮਾਤਮਾ ਦੀ ਕਿਰਪਾ ਨਹੀਂ ਵਰ੍ਹਦੀ। ਮਨ ਅੰਦਰ ਸੰਕਲਪ ਬਣੇ ਕਿ ਸੰਸਾਰਕ ਲੋੜਾਂ ਮੋਹ ਦਾ ਰੂਪ ਨਾ ਲੈ ਸਕਣ, ਇਹ ਜੀਵਨ ਦੀ ਸਫਲਤਾ ਦਾ ਪ੍ਰਤੀਕ ਨਹੀਂ ਹੋ ਸਕਦੀਆਂ। ਜੇਕਰ ਉਹ ਸਮਰਪਣ ਦਾ ਯਤਨ ਇਮਾਨਦਾਰੀ ਨਾਲ ਕਰਦਾ ਹੈ ਤਾਂ ਉਹ ਸੰਕਲਪ ਜਰੂਰ ਪੂਰਾ ਹੁੰਦਾ ਹੈ। ਸਫ਼ਲਤਾ ਦੇ ਸਾਰੇ ਸੂਤਰ ਗੁਰੂ ਸਾਹਿਬਾਨ ਦੇ ਜੀਵਨ ਤੋਂ ਹੀ ਪ੍ਰਾਪਤ ਹੋ ਜਾਂਦੇ ਹਨ। ਨੌਜਵਾਨ ਅਧਿਆਤਮ ਦੇ ਗੂੜ੍ਹੇ ਰਹੱਸ ਸਮਝਣ ਵਿੱਚ ਦਿਲਚਸਪੀ ਲਵੇ। ਪੰਜਵਾਂ ਲੇਖ 'ਜੀਵਨ ਨਾਇਕ ਗੁਰੂ ਸਾਹਿਬਾਨ' ਹਨ। ਗੁਰੂ ਨਾਨਕ ਸਾਹਿਬ ਨੂੰ ਸਮਝਣ ਤੇ ਵੇਖਣ ਲਈ ਗੁਰਬਾਣੀ ਸਭ ਤੋਂ ਪ੍ਰਮਾਣਿਕ ਸਰੋਤ ਹੈ। ਗੁਰੂ ਨਾਨਕ ਸਾਹਿਬ ਨੂੰ ਮਨ ਅੰਦਰ ਗੁਰੂ ਧਾਰਨ ਕਰਨਾ ਸਦਾ ਲਈ ਨਿਰਾਸ਼ਾ, ਚਿੰਤਾ, ਦੁਬਿਧਾ, ਭਰਮ, ਅਗਿਆਨਤਾ ਦਾ ਦੂਰ ਹੋਣਾ ਹੈ। ਮਨ ਪਰਮਾਤਮਾ ਤੇ ਸੱਚ ਨਾਲ ਜੁੜ ਜਾਏ ਤਾਂ ਗੁਣਾਂ ਤੇ ਭਰੋਸੇ ਦਾ ਆਧਾਰ ਬਣ ਜਾਂਦਾ ਹੈ। ਨਾਮ ਜਪਣਾ ਮਨੁੱਖ ਦਾ ਸੰਕਲਪ ਹੈ। ਗੁਣ ਧਾਰਨ ਕੀਤਿਆਂ ਹੀ ਆਤਮਿਕ ਨਿਰਮਲਤਾ ਪ੍ਰਾਪਤ ਹੁੰਦੀ ਹੈ। ਪਰਮਾਤਮਾ ਦੀ ਭਗਤੀ ਕਰਨਾ ਤਾਂ ਹੀ ਸਫਲ ਹੈ, ਜੇ ਭਗਤ ਵੀ ਪੂਰਣਤਾ ਪ੍ਰਾਪਤ ਕਰ ਲਵੇ। ਗੁਰਸਿੱਖ ਅੰਦਰ ਗੁਣਾਂ ਦੀ ਪ੍ਰਪੱਕਤਾ ਜ਼ਰੂਰੀ ਹੈ।


RSFO

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ

RSFO

ਮਹਾਰਾਜਾ ਜੱਸਾ ਸਿੰਘ ਰਾਮਗੜੀਆ ਦੇ 300 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ

(10ਵਾਂ ਅੰਤਰਰਾਸ਼ਟਰੀ ਐਵਾਰਡ ਸਮਾਗਮ 2023)

21 ਮਈ 2023, ਦਿਨ ਐਤਵਾਰ; ਸਮਾਂ 9:30 ਸਵੇਰ

ਸਥਾਨ- ਵੈਰਡੀ ਕਨਵੈਨਸ਼ਨ ਸੈਂਟਰ, 3550 ਡੇਰੀ ਰੋਡ (ਈਸਟ) ਮਿਸੀਸਾਗਾ








ਸੀਟ ਰਾਖਵੀ ਕਰਨ ਲਈ ਸੰਪਰਕ ਕਰੋ-

ਦਲਜੀਤ ਸਿੰਘ ਗੈਦੂ (416-305-9878), ਮਨਜੀਤ ਸਿੰਘ ਭੱਚੂ (416-275-2374)

ਅਤੇ ਹਰਦਿਆਲ ਸਿੰਘ ਝੀਤਾ (647-409-8915)

ਰਾਮਗੜੀਆ ਸਿੱਖ ਫਾਉਡੇਸ਼ਨ ਆਫ ਆਨਟਾਰੀਓ- 7956 ਟੋਰਬਰਮ ਰੋਡ ਯੂਨਿਟ ਨੰ. 40 (ਬੀ), ਬਰੈਂਪਟਨ (ਕੈਨੇਡਾ)




THANKS TO ALL TV, RADIO, AND PRINT MEDIA.

# ਦਰੰਗਾ ਫੀਲਡ ਫਾਇਰਿੰਗ ਰੇਂਜ 'ਚ ਧਮਾਕਾ, ਹਿਮਾਚਲ ਦਾ ਜਵਾਨ ਸ਼ਹੀਦ

ਦਿਸਪੁਰ, 2 ਮਈ (ਪੋਸਟ ਬਿਊਰੋ): ਅਸਾਮ ਦੇ ਤਾਮੂਲਪੁਰ 'ਚ ਦਰੰਗਾ ਫੀਲਡ ਫਾਇਰਿੰਗ ਰੇਂਜ 'ਚ ਹੋਏ ਧਮਾਕੇ ਕਾਰਨ ਇਕ ਜਵਾਨ ਸ਼ਹੀਦ ਹੋ ਗਿਆ। ਰੇਂਜ 'ਚ ਡਿਊਟੀ 'ਤੇ ਤਾਇਨਾਤ ਸ਼ਿਲਪਕਾਰ ਸੰਦੀਪ ਕੁਮਾਰ ਇਸ ਧਮਾਕੇ 'ਚ ਜ਼ਖਮੀ ਹੋ ਗਿਆ। ਰੱਖਿਆ ਬੁਲਾਰੇ ਨੇ ਕਿਹਾ- ਉਹ (ਕੁਮਾਰ) ਧਮਾਕੇ 'ਚ ਗੰਭੀਰ ਰੂਪ ਨਾਲ ਜ਼ਖਮੀ ਹੋ ਗਿਆ। ਇਸ ਧਮਾਕੇ ਤੋਂ ਬਾਅਦ ਉਸ ਨੂੰ ਰੈਜੀਮੈਂਟ ਦੇ ਮੈਡੀਕਲ ਅਫਸਰ ਵੱਲੋਂ ਤੁਰੰਤ ਡਾਕਟਰੀ ਸਹਾਇਤਾ



ਪ੍ਰਦਾਨ ਕੀਤੀ ਗਈ। ਉਸ ਨੂੰ ਗੁਹਾਟੀ ਦੇ ਬੇਸ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ, ਜਿੱਥੇ ਉਸ ਨੇ ਦਮ ਤੋੜ ਦਿੱਤਾ। ਘਟਨਾ ਦੀ ਸੱਚਾਈ ਜਾਣਨ ਲਈ ਜਾਂਚ ਦੇ ਹੁਕਮ ਦਿੱਤੇ ਗਏ ਹਨ। ਕੁਮਾਰ ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ ਦਾ ਰਹਿਣ ਵਾਲਾ ਸੀ। ਉਹ ਆਪਣੇ ਪਿੱਛੇ ਪਤਨੀ ਅਤੇ ਇੱਕ ਸਾਲ ਦਾ ਪੁੱਤਰ ਛੱਡ ਗਿਆ ਹੈ। ਬੁਲਾਰੇ ਨੇ ਕਿਹਾ- ਭਾਰਤੀ ਫੌਜ ਕੁਮਾਰ ਦੀ ਮੌਤ 'ਤੇ ਸੋਗ ਪ੍ਰਗਟ ਕਰਦੀ ਹੈ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ।

# ਕੈਸਲਮੋਰ ਸੀਨੀਅਰ ਕਲੱਬ ਦੀ ਮੀਟਿੰਗ 21 ਨੂੰ



ਕੈਸਲਮੋਰ ਸੀਨੀਅਰ ਕਲੱਬ ਵੱਲੋਂ 21 ਮਈ ਦਿਨ ਐਤਵਾਰ ਨੂੰ ਜਨਰਲ ਬਾਡੀ ਦੀ ਮੀਟਿੰਗ ਗੋਰਮੀਡੋ ਕਮਿਊਨਿਟੀ ਸੈਂਟਰ ਵਿਖੇ 12 ਵਜੇ ਹੋਵੇਗੀ।

ਇਸ ਮੀਟਿੰਗ ਵਿਚ 200 ਦੇ ਕਰੀਬ ਕਲੱਬ ਮੈਂਬਰਾਂ ਲਈ ਖਾਣ ਪੀਣ ਦਾ ਪ੍ਰਬੰਧ ਕੀਤਾ ਜਾਵੇਗਾ। ਮੀਟਿੰਗ ਵਿੱਚ ਨਵੇਂ ਮੈਂਬਰ ਵੀ ਸ਼ਾਮਿਲ ਹੋ ਸਕਦੇ ਹਨ । ਮੀਟਿੰਗ ਦੌਰਾਨ ਇਸ ਸਾਲ ਵਿਚ ਟੂਰ ਅਤੇ ਹੋਰ ਈਵੈਂਟ 'ਤੇ ਵਿਚਾਰ ਹੋਵੇਗਾ। ਲੋਕ ਸੰਗੀਤ ਦੇ ਚਾਹਵਾਨ ਆਪਣਾ ਨਾਮ ਸਕੱਤਰ ਨੂੰ ਦੇਣ ਤਾਂਕਿ ਸਮਾਂ ਮਿਲ ਸਕੇ। ਮੈਂਬਰਸ਼ਿਪ ਦੀ ਫੀਸ ਇਕ ਸਾਲ ਲਈ 20 ਡਾਲਰ ਹੈ। ਹੋਰ ਜਾਣਕਾਰੀ ਲਈ ਗੁਰਮੇਲ ਸਿੰਘ ਸੱਗੂ ਪ੍ਰਧਾਨ 416-648-6706, ਕਸ਼ਮੀਰਾ ਸਿੰਘ ਦਿਉਲ ਸਕੱਤਰ 416-278-1422 ਅਤੇ ਜਰਨੈਲ ਸਿੰਘ ਚਾਨਾ 416-859-2676 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।















## ਲੜਕੀ ਦੀ ਲੋੜ

ਚਾਹਲ ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5 ਫੁੱਟ 9 ਇੰਚ, ਗ੍ਰੈਜੂਏਟ, ਸ਼ਰਾਬ ਨਹੀਂ ਪੀਂਦਾ, ਕੈਨੇਡਾ ਵਿਚ ਵਿਜ਼ਟਿਰ ਵੀਜ਼ਾ ਉਤੇ ਆਇਆ ਹੋਇਆ, ਓਂਟਾਰੀਓ ਵਿਚ ਰਹਿ ਰਿਹਾ, ਭੈਣ ਕੈਨੇਡਾ ਦੀ ਪੀਆਰ, ਸਾਰਾ ਪਰਿਵਾਰ ਕੈਨੇਡਾ ਵਿਚ ਰਹਿ ਰਿਹਾ, ਲਈ ਕੈਨੇਡਾ ਦੀ ਪੀਆਰ, ਵਰਕ ਪਰਮਿਟ ਉਤੇ ਜਾਂ ਸਟੂਡੈਂਟ, ਲੜਕੀ ਦੀ ਲੋੜ ਹੈ। ਫੋਟੋਆਂ ਵਟਸਐਪ ਉਤੇ ਭੇਜ ਸਕਦੇ ਹੋ। ਸੰਪਰਕ: 3438892395, 9053240160

ਬਰੈਂਪਟਨ 'ਚ 4 ਸਾਲ ਤੋਂ ਵਰਕ ਪਰਮਿਟ ਰਿਫਿਊਜੀ ਕੇਸ 'ਤੇ ਰਹਿੰਦੇ ਜੱਟ ਸਿੱਖ, ਨਸ਼ਿਆਂ ਤੋਂ ਰਹਿਤ, ਉਮਰ 31 ਸਾਲ, ਟਰੱਕ ਡਰਾਇਵਰ ਦੀ ਜੌਬ ਕਰਦੇ ਲੜਕੇ ਲਈ ਕੈਨੇਡੀਅਨ ਪੀਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕਸ਼ੁਦਾ ਲੜਕੀ 'ਤੇ ਵੀ ਵਿਚਾਰ ਕੀਤਾ ਜਾਵੇਗਾ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਫੋਨ: 3652284327 ਜਾਂ 4374380242 ਜਾਂ ਵਟਸਅਪ 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.






## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661






## ਲੜਕੇ ਦੀ ਲੋੜ

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com









## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com




# ਐਨਆਈਏ ਨੇ ਨਕਸਲੀ ਸਾਜ਼ਿਸ਼ ਮਾਮਲੇ ਵਿਚ ਬਿਹਾਰ ਅਤੇ ਝਾਰਖੰਡ ’ਚ 14 ਥਾਵਾਂ ’ਤੇ ਕੀਤੀ ਛਾਪੇਮਾਰੀ




ਰਾਂਚੀ, 2 ਮਈ (ਪੋਸਟ ਬਿਊਰੋ): ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਨੇ ਸੀਪੀਆਈ (ਮਾਊਵਾਦੀ) ਦੇ ਸਮਰਥਕਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਖ਼ਿਲਾਫ਼ ਵੱਡੀ ਕਾਰਵਾਈ ਕੀਤੀ ਹੈ। ਇਸ ਤਹਿਤ ਐਨਆਈਏ ਨੇ ਮੰਗਲਵਾਰ ਨੂੰ ਬਿਹਾਰ ਅਤੇ ਝਾਰਖੰਡ 'ਚ 14 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਇਹ ਕਾਰਵਾਈ ਅੱਤਵਾਦੀ ਸੰਗਠਨ ਨੂੰ ਮੁੜ ਸੁਰਜੀਤ ਕਰਨ ਅਤੇ ਉਸ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਦੀ ਸਾਜ਼ਿਸ਼ ਦੀ ਜਾਂਚ ਨਾਲ ਸਬੰਧਤ ਹੈ। ਐਨਆਈਏ ਦੇ ਬੁਲਾਰੇ ਨੇ ਦੱਸਿਆ ਕਿ ਝਾਰਖੰਡ ਵਿੱਚ ਅੱਠ ਥਾਵਾਂ ’ਤੇ ਛਾਪੇ ਮਾਰੇ ਗਏ ਹਨ। ਉਜਾੜਾ ਵਿਰੋਧੀ ਜਨ ਵਿਕਾਸ ਅੰਦੋਲਨ ਦੇ ਰਾਂਚੀ ਦਫ਼ਤਰ ਅਤੇ ਬੋਕਾਰੋ, ਧਨਬਾਦ, ਰਾਮਗੜ੍ਹ ਅਤੇ ਗਿਰੀਡੀਹ ਜ਼ਿਲ੍ਹਿਆਂ ਵਿੱਚ ਸੀਪੀਆਈ (ਮਾਊਵਾਦੀ) ਦੇ ਸਹਿਯੋਗੀਆਂ ਅਤੇ ਸਮਰਥਕਾਂ ਦੇ ਘਰਾਂ 'ਤੇ ਛਾਪੇਮਾਰੀ ਕੀਤੀ ਗਈ ਹੈ।

ਐਨਆਈਏ ਨੇ ਦੱਸਿਆ ਕਿ ਬਿਹਾਰ ਵਿੱਚ ਕਈ ਥਾਵਾਂ ’ਤੇ ਛਾਪੇਮਾਰੀ ਵੀ ਕੀਤੀ ਗਈ ਹੈ। ਇਸ ਵਿੱਚ ਖਗੜੀਆ, ਗਯਾ ਅਤੇ ਔਰੰਗਾਬਾਦ ਜ਼ਿਲ੍ਹਿਆਂ ਵਿੱਚ ਛੇ ਥਾਵਾਂ ’ਤੇ ਛਾਪੇ ਮਾਰੇ ਗਏ। ਏਜੰਸੀ ਨੇ ਕਿਹਾ, "ਜਿਨ੍ਹਾਂ ਸ਼ੱਕੀਆਂ ਦੇ ਘਰਾਂ ਦੀ ਤਲਾਸ਼ੀ ਲਈ ਗਈ, ਉਨ੍ਹਾਂ ਦੇ ਸਬੰਧ ਪੋਲਿਟ ਬਿਊਰੋ ਅਤੇ ਸੀਪੀਆਈ (ਮਾਊਵਾਦੀ) ਦੀ ਕੇਂਦਰੀ ਕਮੇਟੀ ਦੇ ਮੈਂਬਰਾਂ ਨਾਲ ਹਨ।"

ਐਨਆਈ ਦੇ ਬੁਲਾਰੇ ਨੇ ਦੱਸਿਆ ਕਿ ਛਾਪੇਮਾਰੀ ਦੌਰਾਨ ਪਾਬੰਦੀਸ਼ੁਦਾ ਸੰਗਠਨ ਦੀਆਂ ਗਤੀਵਿਧੀਆਂ ਨਾਲ ਸਬੰਧਤ ਅਪਰਾਧਕ ਦਸਤਾਵੇਜ਼, ਕਈ ਮੋਬਾਈਲ ਫੋਨ, ਡੀਵੀਡੀਜ਼, ਮਜ਼ਦੂਰ ਸੰਗਠਨ ਕਮੇਟੀ ਨਾਲ ਸਬੰਧਤ ਕਾਗਜ਼ਾਤ ਅਤੇ ਬੈਂਕ ਖਾਤੇ ਦੇ ਵੇਰਵੇ ਜ਼ਬਤ ਕੀਤੇ ਗਏ ਹਨ।

ਏਜੰਸੀ ਦੇ ਅਨੁਸਾਰ, ਸੰਗਠਨ ਦੀ ਵਿਚਾਰਧਾਰਾ ਨੂੰ ਫੈਲਾਉਣ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿੱਚ ਸੀਪੀਆਈ (ਮਾਊਵਾਦੀ) ਦੀ ਕੇਂਦਰੀ ਕਮੇਟੀ ਦੇ ਮੈਂਬਰਾਂ ਦੇ ਖਿਲਾਫ ਪਿਛਲੇ ਸਾਲ 25 ਅਪ੍ਰੈਲ ਨੂੰ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਅਤੇ ਭਾਰਤੀ ਦੰਡਾਵਲੀ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਸਾਰੀ ਸਾਜ਼ਿਸ਼ ਦਾ ਪਰਦਾਫਾਸ਼ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ।


# ਭਾਜਪਾ ਨੇਤਾ ਨੂੰ ਅਗਵਾ ਕਰਕੇ ਕੀਤਾ ਕਤਲ, ਭਾਜਪਾ ਨੇ ਤ੍ਰਿਣਮੂਲ ਕਾਂਗਰਸ ’ਤੇ ਲਗਾਇਆ ਦੋਸ਼



ਨਵੀਂ ਦਿੱਲੀ, 2 ਮਈ (ਪੋਸਟ ਬਿਊਰੋ): ਪੱਛਮੀ ਬੰਗਾਲ 'ਚ ਭਾਜਪਾ ਨੇਤਾ ਦੀ ਪਤਨੀ ਦੇ ਸਾਹਮਣੇ ਕੁੱਟਮਾਰ ਕਰਨ ਤੋਂ ਬਾਅਦ ਉਸ ਨੂੰ ਅਗਵਾ ਕਰਨ ਅਤੇ ਫਿਰ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਭਾਜਪਾ ਨੇ ਤ੍ਰਿਣਮੂਲ ਕਾਂਗਰਸ ਦੇ ਨੇਤਾਵਾਂ 'ਤੇ ਹੱਤਿਆ ਦਾ ਦੋਸ਼ ਲਗਾਇਆ ਹੈ। ਘਟਨਾ ਪੂਰਬੀ ਮੇਦਿਨੀਪੁਰ ਜ਼ਿਲ੍ਹੇ ਦੀ ਹੈ। ਮ੍ਰਿਤਕ ਦੀ ਪਛਾਣ ਵਿਜੇ ਕ੍ਰਿਸ਼ਨ ਭੂਈਆ ਵਜੋਂ ਹੋਈ ਹੈ। ਉਹ ਬੂਥ ਪ੍ਰਧਾਨ ਸੀ। ਭਾਜਪਾ ਨੇ ਸੋਮਵਾਰ ਰਾਤ ਤੋਂ ਹੀ ਧਰਨਾ ਦੇ ਕੇ ਥਾਣੇ ਦਾ ਘੇਰਾਉ ਕੀਤਾ। ਜਾਣਕਾਰੀ ਮੁਤਾਬਕ ਸੋਮਵਾਰ ਸ਼ਾਮ ਨੂੰ ਵਿਜੇ ਘਰ ਪਰਤ ਰਹੇ ਸਨ। ਇਸ ਦੇ ਨਾਲ ਹੀ ਉਨ੍ਹਾਂ ਦੀ ਪਤਨੀ ਦੇ ਸਾਹਮਣੇ ਉਨ੍ਹਾਂ ਦੀ ਕੁੱਟਮਾਰ ਕੀਤੀ ਗਈ। ਇਸ ਤੋਂ ਬਾਅਦ ਬਾਈਕ ਸਵਾਰ ਨੌਜਵਾਨ ਆਏ ਅਤੇ ਉਨ੍ਹਾਂ ਨੂੰ ਘਰੋਂ ਚੁੱਕ ਕੇ ਲੈ ਗਏ। ਇਸ ਤੋਂ ਬਾਅਦ ਉਨ੍ਹਾਂ ਦਾ ਕਤਲ ਕਰਕੇ ਲਾਸ਼ ਘਰ ਤੋਂ ਕੁਝ ਦੂਰੀ 'ਤੇ ਸੁੱਟ ਦਿੱਤੀ ਗਈ। ਰਾਤ ਨੂੰ ਹੀ ਮਿਆਣਾ ਤੋਂ ਭਾਜਪਾ ਵਿਧਾਇਕ ਅਸ਼ੋਕ ਡਿੰਡਾ ਦੀ ਅਗਵਾਈ ਹੇਠ ਥਾਣੇ ਦਾ ਘਿਰਾਉ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ।

ਡਿੰਡਾ ਨੇ ਕਿਹਾ ਕਿ ਇਸ ਕਤਲ ਪਿੱਛੇ ਮਾਯਨਾ ਤੋਂ ਤ੍ਰਿਣਮੂਲ ਦੇ ਸਾਬਕਾ ਵਿਧਾਇਕ ਸੰਗਰਾਮ ਡੋਲੂਈ ਦਾ ਹੱਥ ਸੀ। ਹਾਲਾਂਕਿ ਤ੍ਰਿਣਮੂਲ ਕਾਂਗਰਸ ਵੱਲੋਂ ਅਜੇ ਤੱਕ ਅਧਿਕਾਰਤ ਬਿਆਨ ਨਹੀਂ ਆਇਆ ਹੈ। ਉਨ੍ਹਾਂ ਕਿਹਾ, ਅਸੀਂ ਇਸ ਦੀ ਸੀਬੀਆਈ ਜਾਂਚ ਦੀ ਮੰਗ ਕਰਾਂਗੇ ਅਤੇ ਮੰਗ ਕਰਾਂਗੇ ਕਿ ਲਾਸ਼ ਦਾ ਪੋਸਟਮਾਰਟਮ ਰਾਜ ਦੇ ਸਰਕਾਰੀ ਹਸਪਤਾਲ ਦੀ ਬਜਾਏ ਕੇਂਦਰ ਸਰਕਾਰ ਦੇ ਹਸਪਤਾਲ ਵਿੱਚ ਕੀਤਾ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ 10-12 ਦਿਨਾਂ ਵਿੱਚ ਬੰਗਾਲ ਭਾਜਪਾ ਦੇ ਤਿੰਨ ਸਮਰਥਕਾਂ ਤੇ ਵਰਕਰਾਂ ਦਾ ਕਤਲ ਕੀਤਾ ਗਿਆ ਹੈ। ਭਾਜਪਾ ਨੇ ਭਲਕੇ ਭਾਰਤ ਬੰਦ ਦਾ ਸੱਦਾ ਦਿੱਤਾ ਹੈ। ਵਿਜੇ ਕ੍ਰਿਸ਼ਨ ਭੂਈਆ ਨੂੰ 4 ਮਈ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ।

# ਚੀਨ ਨੇਪਾਲ ਨੂੰ ਦੇਵੇਗਾ 80 ਅਰਬ ਨੇਪਾਲੀ ਰੁਪਏ ਦੀ ਮਦਦ



ਕਾਮਠਮੰਡੂ, 2 ਮਈ (ਪੋਸਟ ਬਿਊਰੋ): ਚੀਨ ਦੁਨੀਆ ਦੇ ਕਈ ਗਰੀਬ ਦੇਸ਼ਾਂ ਸਮੇਤ ਭਾਰਤ ਦੇ ਗੁਆਂਢੀ ਦੇਸ਼ਾਂ ਨੂੰ ਕਰਜ਼ੇ ਦੇ ਚੁੰਗਲ ਵਿੱਚ ਫਸਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਹਿਲਾਂ ਸ੍ਰੀਲੰਕਾ, ਫਿਰ ਪਾਕਿਸਤਾਨ, ਬੰਗਲਾਦੇਸ਼ ਤੋਂ ਬਾਅਦ ਨੇਪਾਲ ਵੀ ਚੀਨ ਨੂੰ ਮੋਟੀ ਰਕਮ ਦੇ ਕੇ ਆਪਣੇ ਚੁੰਗਲ ਵਿੱਚ ਫਸਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਨੇਪਾਲ 'ਤੇ ਆਪਣਾ ਪ੍ਰਭਾਵ ਵਧਾਉਣ ਲਈ ਚੀਨ 80 ਅਰਬ ਰੁਪਏ ਦੀ ਸਹਾਇਤਾ ਦੇਵੇਗਾ। ਇਸੇ ਕਾਰਨ ਨੇਪਾਲ ਦੇ ਪੀਐਮ ਪੁਸ਼ਪਕੁਮਾਰ ਦਹਿਲ ‘ਪ੍ਰਚੰਡ’ ਦੇ ਤਾਜ਼ਾ ਬਿਆਨ ਚੀਨ ਵੱਲ ਝੁਕਦੇ ਨਜ਼ਰ ਆ ਰਹੇ ਹਨ। ਇਸ ਦੇ ਨਾਲ ਹੀ ਸਾਬਕਾ ਪੀਐਮ ਸ਼ੇਰ ਬਹਾਦੁਰ ਦੇਉਬਾ ਦੇ ਸ਼ਾਸਨਕਾਲ ਦੌਰਾਨ ਨੇਪਾਲ ਵਿੱਚ ਅਮਰੀਕਾ ਦਾ ਦਬਦਬਾ ਵਧਿਆ ਸੀ।

ਨੇਪਾਲ ਦੇ ਵਿੱਤ ਮੰਤਰੀ ਪ੍ਰਕਾਸ਼ ਸ਼ਰਨ ਮਹੰਤ ਦੇ ਦਫ਼ਤਰ ਨੇ ਹਾਲ ਹੀ ਵਿੱਚ ਇੱਕ ਬਿਆਨ ਜਾਰੀ ਕੀਤਾ ਹੈ। ਇਸ ਵਿੱਚ ਦੱਸਿਆ ਗਿਆ ਸੀ ਕਿ ਚੀਨ ਬੁਨਿਆਦੀ ਢਾਂਚੇ ਦੇ ਨਿਰਮਾਣ ਨਾਲ ਸਬੰਧਤ ਪ੍ਰਾਜੈਕਟਾਂ 'ਤੇ ਖਰਚ ਕਰਨ ਲਈ ਨੇਪਾਲ ਨੂੰ 80 ਅਰਬ 'ਨੇਪਾਲੀ' ਰੁਪਏ ਦੇਵੇਗਾ। ਮਹੰਤ ਅਤੇ ਕਾਠਮੰਡੂ ਵਿਚ ਚੀਨੀ ਰਾਜਦੂਤ ਚੇਨ ਸੋਂਗ ਵਿਚਕਾਰ ਗੱਲਬਾਤ ਦੌਰਾਨ ਇਸ 'ਤੇ ਸਹਿਮਤੀ ਬਣੀ। ਹਾਲਾਂਕਿ, ਨੇਪਾਲ ਦੇ ਵਿੱਤ ਅਤੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨੇ ਮੀਡੀਆ ਨੂੰ ਦੱਸਿਆ ਹੈ ਕਿ ਇਹ ਕੋਈ ਨਵੀਂ ਸਹਾਇਤਾ ਨਹੀਂ ਹੈ। ਚੀਨ 2008 ਤੋਂ ਇਸ ਮਦਦ ਦਾ ਵਾਅਦਾ ਕਰ ਰਿਹਾ ਹੈ। ਹੁਣ ਉਸ ਨੇ ਇਹ ਰਕਮ ਜਾਰੀ ਕਰਨ ਦਾ ਫੈਸਲਾ ਕੀਤਾ ਹੈ।

ਗੌਰਤਲਬ ਹੈ ਕਿ ਚੀਨ ਨੇਪਾਲ 'ਚ ਆਪਣਾ ਦਬਦਬਾ ਵਧਾਉਣ ਲਈ ਹਰ ਤਰਕੀਬ ਅਪਣਾ ਰਿਹਾ ਹੈ। ਚੀਨ ਦੀ ਮਦਦ ਕਾਰਨ ਨੇਪਾਲੀ ਪ੍ਰਧਾਨ ਮੰਤਰੀ ਦਾ ਲਹਿਜ਼ਾ ਬਦਲਿਆ ਨਜ਼ਰ ਆ ਰਿਹਾ ਹੈ। ਉਨ੍ਹਾਂ ਨੇ ਆਪਣੇ ਬਿਆਨਾਂ ਨਾਲ ਚੀਨ ਦੀ ਤਾਰੀਫ ਕਰਨੀ ਸ਼ੁਰੂ ਕਰ ਦਿੱਤੀ ਹੈ।

# ਖੈਬਰ ਪਖਤੂਨਖਵਾ ਸੂਬੇ ’ਚ ਮੁਠਭੇੜ ਦੌਰਾਨ ਤਿੰਨ ਅੱਤਵਾਦੀ ਮਾਰੇ ਗਏ, ਟੀਟੀਪੀ ਕਮਾਂਡਰ ਵੀ ਸ਼ਾਮਲ

ਇਸਲਾਮਾਬਾਦ, 2 ਮਈ (ਪੋਸਟ ਬਿਊਰੋ): ਪਾਕਿਸਤਾਨੀ ਸੁਰੱਖਿਆ ਬਲਾਂ ਨੇ ਦੇਸ਼ ਦੇ ਅਸ਼ਾਂਤ ਸੂਬੇ ਖੈਬਰ ਪਖਤੂਨਖਵਾ ਵਿੱਚ ਵੱਖ-ਵੱਖ ਖੁਫੀਆ-ਆਧਾਰਿਤ ਕਾਰਵਾਈਆਂ ਵਿੱਚ ਇੱਕ ਕੁਖਿਆਤ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀਟੀਪੀ) ਕਮਾਂਡਰ ਅਤੇ ਦੋ ਹੋਰਾਂ ਨੂੰ ਮਾਰ ਦਿੱਤਾ ਹੈ ਅਤੇ ਕਈ ਮੁੱਖ ਗ੍ਰਿਫਤਾਰੀਆਂ ਕੀਤੀਆਂ ਹਨ। ਇਹ ਜਾਣਕਾਰੀ ਮੰਗਲਵਾਰ ਨੂੰ ਮੀਡੀਆ ਰਿਪੋਰਟਾਂ 'ਚ ਸਾਹਮਣੇ ਆਈ ਹੈ।

ਇਕ ਰਿਪੋਰਟ ਮੁਤਾਬਕ ਅੱਤਵਾਦੀਆਂ ਦੀ ਕਥਿਤ ਮੌਜੂਦਗੀ ਦੀ ਸੂਚਨਾ 'ਤੇ ਕਾਰਵਾਈ ਕਰਦੇ ਹੋਏ, ਸੁਰੱਖਿਆ ਬਲਾਂ ਨੇ ਅਫਗਾਨਿਸਤਾਨ ਦੀ ਸਰਹੱਦ ਨਾਲ ਲੱਗਦੇ ਦੇਸ਼ ਦੇ ਉੱਤਰ-ਪੱਛਮੀ ਸੂਬੇ ਦੇ ਟੈਂਕ ਅਤੇ ਡੇਰਾ ਇਸਮਾਈਲ ਖਾਨ ਜ਼ਿਲਿਆਂ 'ਚ ਸੋਮਵਾਰ ਨੂੰ ਦੋ ਵੱਖ-ਵੱਖ ਆਪਰੇਸ਼ਨ ਸ਼ੁਰੂ ਕੀਤੇ। ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਸੁਰੱਖਿਆ ਬਲਾਂ ਦੁਆਰਾ ਮਾਰੇ ਗਏ ਤਿੰਨ ਅੱਤਵਾਦੀਆਂ ਵਿੱਚ ਪਾਬੰਦੀਸ਼ੁਦਾ ਟੀਟੀਪੀ ਗੰਡਾਪੁਰ ਸਮੂਹ ਦਾ ਅਬਦੁਲ ਜਾਬੇਰ ਸ਼ਾਹ ਵੀ ਸ਼ਾਮਲ ਸੀ।

ਪਾਕਿਸਤਾਨੀ ਸੁਰੱਖਿਆ ਬਲਾਂ ਨੇ ਸੋਮਵਾਰ ਨੂੰ ਟੀਟੀਪੀ ਕਮਾਂਡਰ ਅਬਦੁਲ ਜਾਬੇਰ ਸ਼ਾਹ ਦੀ ਮੌਤ ਦਾ ਦਾਅਵਾ ਕੀਤਾ ਹੈ। ਜਾਬਰ ਸ਼ਾਹ ਕਈ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਅਤੇ ਪੋਲੀਓ ਟੀਮਾਂ 'ਤੇ ਕਈ ਹਮਲੇ ਕਰਨ 'ਚ ਸ਼ਾਮਲ ਸੀ। ਸੁਰੱਖਿਆ ਬਲਾਂ ਨੇ ਦੱਸਿਆ ਕਿ ਪਾਬੰਦੀਸ਼ੁਦਾ ਟੀਟੀਪੀ ਸਮੂਹ ਦਾ ਕਮਾਂਡਰ ਅਬਦੁਲ ਜਾਬੇਰ ਸ਼ਾਹ ਦੱਖਣੀ ਵਜ਼ੀਰਿਸਤਾਨ ਕਬਾਇਲੀ ਜ਼ਿਲ੍ਹੇ ਦੀ ਸਰਹੱਦ ਨਾਲ ਲੱਗਦੇ ਖੈਬਰ ਪਖਤੂਨਖਵਾ ਸੂਬੇ ਵਿੱਚ ਖੁਫੀਆ ਜਾਣਕਾਰੀ ਦੀ ਅਗਵਾਈ ਵਾਲੀ ਕਾਰਵਾਈ ਦੌਰਾਨ ਮਾਰਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਕਾਰਵਾਈ 'ਚ ਦੋ ਹੋਰ ਅੱਤਵਾਦੀ ਵੀ ਜ਼ਖ਼ਮੀ ਹੋ ਗਏ। ਜਾਬਰ ਸ਼ਾਹ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ, ਧਾਰਮਿਕ ਸਮੂਹਾਂ ਅਤੇ ਪੋਲੀਓ ਟੀਮਾਂ 'ਤੇ ਕਈ ਹਮਲਿਆਂ ਅਤੇ ਟੀਟੀਪੀ ਲਈ ਜ਼ਬਰਦਸਤੀ ਦੀਆਂ ਘਟਨਾਵਾਂ ਵਿੱਚ ਸ਼ਾਮਲ ਸੀ।

# ਮਾਂ ਕਾਲੀ ’ਤੇ ਵਿਵਾਦਤ ਟਵੀਟ ਤੋਂ ਬਾਅਦ ਯੂਕਰੇਨ ਨੇ ਮੰਗੀ ਮੁਆਫੀ



ਕੀਵ, 2 ਮਈ (ਪੋਸਟ ਬਿਊਰੋ): ਯੂਕਰੇਨ ਨੇ ਆਪਣੇ ਰੱਖਿਆ ਮੰਤਰਾਲੇ ਦੁਆਰਾ ਇੱਕ ਵਿਵਾਦਪੂਰਨ ਟਵੀਟ ਲਈ ਮੁਆਫੀ ਮੰਗੀ ਹੈ ਜਿਸ ਵਿੱਚ ਕਥਿਤ ਤੌਰ 'ਤੇ ਧਮਾਕੇ ਨਾਲ ਉਠਾਏ ਗਏ ਗੁਬਾਰੇ 'ਤੇ ਹਿੰਦੂ ਦੇਵੀ ਕਾਲੀ ਦੀ ਤਸਵੀਰ ਦਿਖਾਈ ਗਈ ਸੀ। ਯੂਕਰੇਨ ਦੇ ਰੱਖਿਆ ਮੰਤਰਾਲੇ ਦੁਆਰਾ ਪੋਸਟ ਕੀਤੇ ਗਏ ਇਸ ਟਵੀਟ ਦੇ ਲਗਭਗ ਦੋ ਦਿਨ ਬਾਅਦ, ਭਾਰਤ ਵਿੱਚ ਸੋਸ਼ਲ ਮੀਡੀਆ 'ਤੇ ਭਾਰੀ ਹੰਗਾਮਾ ਹੋਇਆ। ਹਾਲਾਂਕਿ, ਟਵੀਟ ਨੂੰ ਕੁਝ ਘੰਟਿਆਂ ਵਿੱਚ ਹੀ ਡਿਲੀਟ ਕਰ ਦਿੱਤਾ ਗਿਆ ਸੀ। ਯੂਕਰੇਨ ਦੇ ਮੰਤਰੀ, ਜਿਸ ਨੇ ਪਿਛਲੇ ਮਹੀਨੇ ਹੀ ਦਿੱਲੀ ਦਾ ਦੌਰਾ ਕੀਤਾ ਸੀ ਅਤੇ ਰੂਸੀ ਯੁੱਧ ਦੇ ਖਿਲਾਫ ਭਾਰਤ ਦਾ ਸਮਰਥਨ ਮੰਗਿਆ ਸੀ, ਨੇ ਕਿਹਾ ਕਿ ਯੂਕਰੇਨ ਅਤੇ ਇਸਦੇ ਲੋਕ ਭਾਰਤੀ ਸੰਸਕ੍ਰਿਤੀ ਦਾ ਸਨਮਾਨ ਕਰਦੇ ਹਨ।

ਯੂਕਰੇਨ ਦੇ ਉਪ ਵਿਦੇਸ਼ ਮੰਤਰੀ ਐਮਿਨ ਜ਼ੇਪਰ ਨੇ ਟਵੀਟ ਕੀਤਾ, "ਸਾਨੂੰ ਅਫਸੋਸ ਹੈ ਕਿ ਯੂਕਰੇਨ ਦੇ ਰੱਖਿਆ ਵਿਭਾਗ ਨੇ ਹਿੰਦੂ ਦੇਵੀ ਕਾਲੀ ਦੀ ਤਸਵੀਰ ਨੂੰ ਵਿਗਾੜਿਆ। ਯੂਕਰੇਨ ਅਤੇ ਇਸ ਦੇ ਲੋਕ ਵਿਲੱਖਣ ਭਾਰਤੀ ਸੰਸਕ੍ਰਿਤੀ ਦਾ ਸਨਮਾਨ ਕਰਦੇ ਹਨ ਅਤੇ ਭਾਰਤ ਦੇ ਸਮਰਥਨ ਦੀ ਬਹੁਤ ਕਦਰ ਕਰਦੇ ਹਨ। ਆਪਸੀ ਸਤਿਕਾਰ ਅਤੇ ਦੋਸਤੀ ਦੀ ਭਾਵਨਾ ਨਾਲ ਸਹਿਯੋਗ ਨੂੰ ਹੋਰ ਵਧਾਉਣ ਲਈ ਦ੍ਰਿੜ ਸੰਕਲਪ ਹਨ।

ਦਰਅਸਲ, 30 ਅਪ੍ਰੈਲ ਨੂੰ, ਯੂਕਰੇਨ ਦੇ ਰੱਖਿਆ ਮੰਤਰਾਲੇ ਨੇ "ਕਲਾ ਕਾ ਕਾਮ" ਕੈਪਸ਼ਨ ਦੇ ਨਾਲ ਇੱਕ ਟਵੀਟ ਪੋਸਟ ਕੀਤਾ ਅਤੇ ਯੂਕਰੇਨੀ ਕਲਾਕਾਰ ਮੈਕਸਿਮ ਪਲੈਂਕੋ ਦੁਆਰਾ ਬਣਾਏ ਗਏ ਇੱਕ ਧਮਾਕੇ ਦੀ ਇੱਕ ਫੋਟੋ ਸਾਂਝੀ ਕੀਤੀ। ਇਸ ਪੇਂਟਿੰਗ ਵਿੱਚ, ਕਲਾਕਾਰ ਨੇ ਇੱਕ ਫਟਦੇ ਗੁਬਾਰੇ ਨਾਲ ਮਸ਼ਹੂਰ ਅਮਰੀਕੀ ਅਭਿਨੇਤਰੀ ਮਾਰਲਿਨ ਮੋਨਰੋ ਦੇ 'ਫਲਾਇੰਗ ਸਕਰਟ' ਪੋਜ਼ ਵਿੱਚ ਹਿੰਦੂ ਦੇਵੀ 'ਮਾਂ ਕਾਲੀ' ਨਾਲ ਮਿਲਦੀ ਜੁਲਦੀ ਇੱਕ ਔਰਤ ਨੂੰ ਦਰਸਾਇਆ ਹੈ। ਹਾਲਾਂਕਿ, ਯੂਕਰੇਨ ਦੇ ਰੱਖਿਆ ਮੰਤਰਾਲੇ ਨੇ ਬਾਅਦ ਵਿੱਚ ਭਾਰੀ ਆਲੋਚਨਾ ਤੋਂ ਬਾਅਦ ਟਵੀਟ ਨੂੰ ਡਿਲੀਟ ਕਰ ਦਿੱਤਾ।

REXDALE BODY SHOP
USED CAR SALE

CHEEMA
LOWEST PRICE IN TOWN
Towing Service Car Paint Starts $799*upto 100% Deductible Paid*
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED

25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਜ਼ਰੂਰੀ ਬੇਨਤੀ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਆਖੰਡ ਪਾਠ ਸਾਹਿਬ ਦਾ ਭੋਗ ੧ੴ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦਵਾਰਾ ਸਾਹਿਬ ਵਿਖੇ 26 ਮਈ ਦਿਨ ਸ਼ੁਕਰਵਾਰ ਨੂੰ ਸਵੇਰੇ 11 ਵਜੇ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 28 ਮਈ ਦਿਨ ਐਤਵਾਰ ਨੂੰ ਸਵੇਰ 11 ਵਜੇ ਭੋਗ ਪਾਏ ਜਾਣਗੇ। ਸਮੂਹ ਇਲਾਕਾ ਨਿਵਾਸੀ ਸਾਧ ਸੰਗਤ ਨੂੰ ਹੁੰਮ-ਹਮਾਕੇ ਪਹੁੰਚਣ ਦੀ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ।

ਵਧੇਰੇ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ:

ਧਰਮਿੰਦਰ ਸਿੰਘ ਸੂਚ 416-879-6824

ਪਰਮਜੀਤ ਸਿੰਘ ਸੂਚ 416-873-7508

ਸਰਬਜੀਤ ਸਿੰਘ ਸੂਚ 416-357-7667

ਗੁਰਮੇਲ ਸਿੰਘ ਸੂਚ 905-814-0756

ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਸਮਾਗਮ 2023



URGENTLY NEED NEW LISTINGS IN BRAMPTON/CALEDON



visit: www.teamjagaujla.com

ADVERTISEMENT GUARANTEED TILL SOLD

JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com

MCNE

CALL JAG AUJLA FOR A QUICK & FREE HOME EVALUATION

www.BramptonTopRealtor.com

RECENTLY LISTED/SOLD IN YOUR NEIGHBOURHOOD

**Hwy 7/ Churchill Rd/Tanners Dr**



ਵਧੀਆ ਲੋਕੇਸ਼ਨ, ਡਬਲ ਸਟੋਰੀ ਘਰ, 3400 ਸਕੇਅਰ ਫੁਟ, 3 ਖੁਲੇ-ਡੁਲੇ ਬੈਡਰੂਮ, ਫਿਨੀਸ਼ਡ ਬੈਸਮੈਂਟ, ਸਟੋਨ ਪੈਟਿਓ, ਪਾਵਰ ਗਰਾਜ਼ ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਸੰਪਰਕ ਕਰੋ।

**Mclaughlin Rd & Steeles Ave**



ਸੋਹਣਾ ਤੇ ਸਾਫ ਸੁਧਰਾ, ਮਾਡਰਨ ਲੇਆਉਟ, 3515 ਸਕੇਅਰ ਫੁਟ ਵਿਚ 4 + 2 ਬੈਡਰੂਮ ਤੇ 5 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਨਵੇ ਰੂਫ ਸ਼ਿੰਗਲ, ਪਿਛਲੇ ਸਾਲ ਬਣੀ ਬੈਸਮੈਂਟ। ਸੰਪਰਕ ਕਰੋ

**Wanless /Queen Mary /Mclaughlin**



2016 ਵਿਚ ਬਣਿਆ, ਡਬਲ ਡੋਰ ਗਰਾਜ਼, 4364 ਸਕੇਅਰ ਫੁਟ, 4 ਖੁਲੇ-ਡੁਲੇ ਬੈਡਰੂਮ ਤੇ 5 ਵਾਸ਼ਰੂਮ, ਫਿਨੀਸ਼ਡ ਬੈਸਮੈਂਟ ਜਿਸ ਨੂੰ ਸੈਪਰੇਟ ਏਨੇਂਟਰੈਂਸ ਤੇ 2 ਬੈਡਰੂਮ ਲਈ ਸੰਪਰਕ ਕਰੋ।

**Chinguacousy & Bovaird**




ਸ਼ਾਨਦਾਰ ਤੇ ਸਾਫ ਸੁਧਰਾ, ਮਾਡਰਨ ਲੇਆਉਟ ਵਿਚ 4 ਬੈਡਰੂਮ ਤੇ 4 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਅਪਗ੍ਰੇਡਡ ਕਿਚਨ, ਫਿਨੀਸ਼ ਬੈਸਮੈਂਟ ਤੇ ਹੋਰ ਵੀ ਕਈ ਅਪਗ੍ਰੇਡਜ਼, ਸੰਪਰਕ ਕਰੋ।

FREE
- Full MLS services
- Consistent marketing until your property is sold
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold
- Competitive rates, exceptional service & award winning results

RE/MAX REALTY SPECIALISTS INC.
Ph:905-456-3232
JAG AUJLA
MCNE, Real Estate Broker
416-371-7777
NOT INTENDED TO SOLICIT BUYERS OR SELLERS CURRENTLY UNDER CONTRACT

Dr. Randhawa Dentistry



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

Dr. Samreet Kaur Randhawa
General Family Dentist


New Patients welcome
Deal Directly with all Insurance Companies

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044






Grand Upholstery Ltd
Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017